ਜਿਲਦ: 7, ਅੰਕ: 02

16-31 ਜੁਲਾਈ, 2026 (ਮੁਫ਼ਤ)

# ਨਿਊ ਇੰਡੀਆ ਸਮਾਚਾਰ





# ਯੁਵਾ ਸ਼ਕਤੀ

## ਸਿੱਖਿਆ ਰਾਹੀਂ ਸਮਰੱਥਾ ਦੀ ਉਡਾਣ

ਰਾਸ਼ਟਰੀ ਸਿੱਖਿਆ ਨੀਤੀ 2020 ਦੇਸ਼ ਦੇ ਨੌਜਵਾਨਾਂ ਨੂੰ ਸਿੱਖਿਅਤ ਹੀ ਨਹੀਂ ਬਣਾ ਰਹੀ, ਸਗੋਂ ਹੁਨਰਮੰਦ, ਆਤਮ-ਨਿਰਭਰ ਅਤੇ ਪ੍ਰਤੀਯੋਗੀ ਵੀ ਬਣਾ ਰਹੀ ਹੈ। ਵਿਵਹਾਰਕ ਗਿਆਨ, ਆਧੁਨਿਕ ਤਕਨਾਲੋਜੀ ਅਤੇ ਹੁਨਰ ਵਿਕਾਸ 'ਤੇ ਕੇਂਦ੍ਰਿਤ, ਇਸ ਨੀਤੀ ਨੇ ਭਾਰਤੀ ਨੌਜਵਾਨਾਂ ਲਈ ਪੱਧਰੇ ਕੀਤੇ ਹਨ ਸੰਭਾਵਨਾਵਾਂ ਦੇ ਨਵੇਂ ਰਾਹ...

ਸਾਨੂੰ ਫਾਲੋ ਕਰੋ @NISPIBIndia



# ਸਮੁੰਦਰ ਤੋਂ ਅਸਮਾਨ ਤੱਕ
# ਵਧੇਰੇ ਸੁਰੱਖਿਅਤ ਅਤੇ ਆਤਮ-ਨਿਰਭਰ ਬਣਦਾ ਭਾਰਤ

*ਸਾਲ 2026 ਦਾ ਅੱਧਾ ਵਰ੍ਹਾ ਬੀਤ ਗਿਆ ਹੈ। ਇਨ੍ਹਾਂ 6 ਮਹੀਨਿਆਂ ਵਿੱਚ 'ਮਨ ਕੀ ਬਾਤ' ਵਿੱਚ ਦੇਸ਼ਵਾਸੀਆਂ ਦੀਆਂ ਅਨੇਕਾਂ ਪ੍ਰਾਪਤੀਆਂ 'ਤੇ ਚਰਚਾ ਕੀਤੀ ਗਈ ਹੈ। ਜੂਨ ਵਿੱਚ ਵੀ, ਦੇਸ਼ ਨੇ ਕੁਝ ਅਜਿਹੀਆਂ ਪ੍ਰਾਪਤੀਆਂ ਹਾਸਲ ਕੀਤੀਆਂ ਜੋ ਹਰ ਦੇਸ਼ਵਾਸੀ ਨੂੰ ਮਾਣ ਨਾਲ ਭਰ ਦਿੰਦੀਆਂ ਹਨ। ਇਹ ਸਫਲਤਾਵਾਂ ਸਮੁੰਦਰ ਤੋਂ ਲੈ ਕੇ ਆਕਾਸ਼ ਤੱਕ ਭਾਰਤ ਨੂੰ ਵਧੇਰੇ ਸੁਰੱਖਿਅਤ ਅਤੇ ਆਤਮ-ਨਿਰਭਰ ਬਣਾ ਰਹੀਆਂ ਹਨ। ਰੇਡੀਓ 'ਤੇ ਪ੍ਰਸਾਰਿਤ ਹੋਣ ਵਾਲੇ 'ਮਨ ਕੀ ਬਾਤ' ਪ੍ਰੋਗਰਾਮ ਦੀ 135ਵੀਂ ਕੜੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਈ ਮਹੱਤਵਪੂਰਨ ਵਿਸ਼ਿਆਂ 'ਤੇ ਗੱਲ ਕੀਤੀ। ਪੇਸ਼ ਹਨ ਮੁੱਖ ਸੰਪਾਦਿਤ ਅੰਸ਼...*

■ **ਜਲ ਸੈਨਾ:** ਹਾਲ ਹੀ ਵਿੱਚ ਕੋਲਕਾਤਾ ਵਿੱਚ ਆਈਐੱਨਐੱਸ ਦੂਨਾਗਿਰੀ, ਆਈਐੱਨਐੱਸ ਸੰਸ਼ੋਧਕ ਅਤੇ ਆਈਐੱਨਐੱਸ ਅਗ੍ਰਯ ਨੂੰ ਭਾਰਤੀ ਜਲ ਸੈਨਾ ਦੇ ਬੇੜੇ ਵਿੱਚ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਜਹਾਜ਼ਾਂ ਦੇ ਡਿਜ਼ਾਈਨ ਅਤੇ ਮੈਨੂਫੈਕਚਰਿੰਗ ਤੱਕ ਸਭ ਕੁਝ ਸਵਦੇਸ਼ੀ ਹੈ।

■ **ਸੁਰੱਖਿਅਤ ਅਤੇ ਆਤਮ-ਨਿਰਭਰ:** ਜੂਨ ਵਿੱਚ ਹੀ ਡੀਆਰਡੀਓ ਨੇ ਸਵਦੇਸ਼ੀ 'ਲੰਬੀ ਦੂਰੀ ਦੀ ਜ਼ਮੀਨ 'ਤੇ ਹਮਲਾ ਕਰਨ ਵਾਲੀ ਕਰੂਜ਼ ਮਿਜ਼ਾਈਲ' ਦਾ ਸਫਲ ਪ੍ਰੀਖਣ ਕੀਤਾ ਹੈ। ਇਸ ਨੂੰ ਡੀਆਰਡੀਓ ਦੀ ਪ੍ਰਯੋਗਸ਼ਾਲਾ ਅਤੇ ਭਾਰਤੀ ਉਦਯੋਗ ਭਾਈਵਾਲਾਂ ਨੇ ਮਿਲ ਕੇ ਬਣਾਇਆ ਹੈ। ਯਾਨੀ, ਅੱਜ ਸਮੁੰਦਰ ਤੋਂ ਲੈ ਕੇ ਆਕਾਸ਼ ਤੱਕ ਭਾਰਤ ਵਧੇਰੇ ਸੁਰੱਖਿਅਤ ਅਤੇ ਆਤਮ-ਨਿਰਭਰ ਬਣ ਰਿਹਾ ਹੈ।

■ **ਰੁਜ਼ਗਾਰ ਦੇ ਮੌਕੇ:** C-295 ਜਹਾਜ਼ 'ਮੇਡ ਇਨ ਇੰਡੀਆ' ਹੈ ਅਤੇ ਇਸ ਨੇ ਆਪਣੀ ਪਹਿਲੀ ਉਡਾਣ ਪੂਰੀ ਕਰ ਲਈ ਹੈ। ਅਜਿਹੇ 40 ਜਹਾਜ਼ ਭਾਰਤ ਵਿੱਚ ਹੀ ਬਣਾਏ ਜਾ ਰਹੇ ਹਨ। ਇਸ ਨਾਲ ਐੱਮਐੱਸਐੱਮਈ ਅਤੇ ਏਅਰੋਸਪੇਸ ਖੇਤਰ ਨੂੰ ਨਵੀਂ ਸ਼ਕਤੀ ਮਿਲ ਰਹੀ ਹੈ। ਰੁਜ਼ਗਾਰ ਦੇ ਮੌਕੇ ਵਧ ਰਹੇ ਹਨ।

■ **ਅੰਤਰਰਾਸ਼ਟਰੀ ਯੋਗ ਦਿਵਸ:** ਇਸ ਵਾਰ ਦੁਨੀਆ ਵਿੱਚ 2,500 ਤੋਂ ਵੱਧ ਸਥਾਨਾਂ 'ਤੇ ਯੋਗ ਪ੍ਰੋਗਰਾਮ ਹੋਏ। ਸਾਡੇ ਦੇਸ਼ ਵਿੱਚ ਕਰੋੜਾਂ ਲੋਕਾਂ ਨੇ ਅਨੇਕਾਂ ਸਥਾਨਾਂ 'ਤੇ ਯੋਗ ਪ੍ਰੋਗਰਾਮਾਂ ਵਿੱਚ ਹਿੱਸਾ ਲਿਆ।

■ **ਵਿਸ਼ਵ ਯੋਗਾਸਨ ਚੈਂਪੀਅਨਸ਼ਿਪ:** ਜੂਨ ਮਹੀਨੇ ਵਿੱਚ ਅਹਿਮਦਾਬਾਦ ਵਿੱਚ ਆਯੋਜਿਤ 'ਵਿਸ਼ਵ ਯੋਗਾਸਨ ਚੈਂਪੀਅਨਸ਼ਿਪ' ਵਿੱਚ ਭਾਰਤ ਨੇ 114 ਮੈਡਲ ਜਿੱਤੇ, ਜਿਨ੍ਹਾਂ ਵਿੱਚ 102 ਗੋਲਡ ਸ਼ਾਮਲ ਹਨ। ਚੈਂਪੀਅਨਸ਼ਿਪ ਦੀ ਮੈਡਲ ਸੂਚੀ ਵਿੱਚ ਭਾਰਤ ਪਹਿਲੇ ਸਥਾਨ 'ਤੇ ਰਿਹਾ। ਸਾਰੇ ਜੇਤੂ ਖਿਡਾਰੀਆਂ ਨੂੰ ਬਹੁਤ-ਬਹੁਤ ਵਧਾਈਆਂ।

■ **'ਹਰਗਿਲਾ ਆਰਮੀ':** ਅਸਾਮ ਵਿੱਚ ਇੱਕ ਦੁਰਲਭ ਪੰਛੀ 'ਹਰਗਿਲਾ' ਪਾਇਆ ਜਾਂਦਾ ਹੈ। ਜਿਸ ਪੰਛੀ ਨੂੰ ਕਦੇ ਅਸ਼ੁਭ ਮੰਨ ਕੇ ਭਜਾਇਆ ਜਾਂਦਾ ਸੀ, ਓਹੀ ਹੁਣ ਪਿੰਡਾਂ ਦੀ ਪਛਾਣ ਬਣਨ ਲੱਗਾ ਹੈ। ਹਜ਼ਾਰਾਂ ਪੇਂਡੂ ਮਹਿਲਾਵਾਂ 'ਹਰਗਿਲਾ' ਨੂੰ ਬਚਾਉਣ ਲਈ ਅੱਗੇ ਆਈਆਂ - ਅੱਜ ਉਨ੍ਹਾਂ ਨੂੰ 'ਹਰਗਿਲਾ ਆਰਮੀ' ਦੇ ਨਾਮ ਨਾਲ ਜਾਣਿਆ ਜਾਂਦਾ ਹੈ।

■ **ਪ੍ਰਤਿਭਾ ਦਿਖਾਉਣ ਦਾ ਮੌਕਾ:** ਨਾਗਾਲੈਂਡ ਦੀ Women Futsal League ਸਾਡੀਆਂ ਧੀਆਂ ਨੂੰ ਪ੍ਰਤਿਭਾ ਦਿਖਾਉਣ ਦਾ ਵਧੀਆ ਮੌਕਾ ਦੇ ਰਹੀ ਹੈ। ਫੁਟਸਲ (Futsal) ਨੂੰ ਇੰਡੋਰ ਫੁੱਟਬਾਲ ਵੀ ਕਿਹਾ ਜਾਂਦਾ ਹੈ। ਮੈਂ ਅਜਿਹੀਆਂ ਪਹਿਲਕਦਮੀਆਂ ਲਈ ਨਾਗਾਲੈਂਡ ਦੇ ਲੋਕਾਂ ਦੀ ਸ਼ਲਾਘਾ ਕਰਦਾ ਹਾਂ। ਅਜਿਹੇ ਯਤਨ ਦੇਸ਼ ਦੇ ਦੂਜੇ ਹਿੱਸਿਆਂ ਨੂੰ ਵੀ ਪ੍ਰੇਰਨਾ ਦਿੰਦੇ ਹਨ।

■ **ਨਾਲੰਦਾ ਯੂਨੀਵਰਸਿਟੀ:** ਹਜ਼ਾਰਾਂ ਵਰ੍ਹੇ ਪੁਰਾਣੀ ਨਾਲੰਦਾ ਯੂਨੀਵਰਸਿਟੀ ਹੁਣ ਨਵੇਂ ਅਵਤਾਰ ਦੇ ਰੂਪ ਵਿੱਚ ਭਾਰਤ ਦੀ ਕਿਸਮਤ ਘੜ ਰਹੀ ਹੈ। ਦੋ ਸਾਲ ਪਹਿਲਾਂ ਮੈਨੂੰ ਨਾਲੰਦਾ ਯੂਨੀਵਰਸਿਟੀ ਦੇ ਨਵੇਂ ਕੈਂਪਸ ਦਾ ਉਦਘਾਟਨ ਕਰਨ ਦਾ ਮੌਕਾ ਮਿਲਿਆ ਸੀ। ਨਾਲੰਦਾ ਯੂਨੀਵਰਸਿਟੀ ਨੇ ਸ਼ਾਸਤਾਰਥ ਦੀ ਸਾਡੀ ਪ੍ਰਾਚੀਨ ਪਰੰਪਰਾ ਨੂੰ ਮੁੜ ਸੁਰਜੀਤ ਕੀਤਾ ਹੈ।

■ **ਯੂਨੈਸਕੋ ਵਿਸ਼ਵ ਵਿਰਾਸਤ:** ਮੇਘਾਲਿਆ ਦਾ ਰੂਟ ਬ੍ਰਿਜ ਇਹ ਦੱਸਦਾ ਹੈ ਕਿ ਮਨੁੱਖ ਕੁਦਰਤ ਨਾਲ ਮਿਲ ਕੇ ਕਿੰਨੀਆਂ ਅਦਭੁਤ ਚੀਜ਼ਾਂ ਬਣਾ ਸਕਦਾ ਹੈ। ਇਹ ਸਾਡੇ ਦੇਸ਼ ਦੀ, ਇਸ ਧਰਤੀ ਦੀ ਵਿਰਾਸਤ ਹੈ। ਹੁਣ ਭਾਰਤ ਨੇ ਮੇਘਾਲਿਆ ਦੇ ਰੂਟ ਬ੍ਰਿਜ ਨੂੰ ਯੂਨੈਸਕੋ ਦੇ ਵਿਸ਼ਵ ਵਿਰਾਸਤ ਸਥਾਨਾਂ ਦੇ ਨੈੱਟਵਰਕ ਵਿੱਚ ਸ਼ਾਮਲ ਕਰਨ ਲਈ ਅਪਲਾਈ ਕੀਤਾ ਹੈ।

■ **ਗਣਪਤੀ ਬੱਪਾ:** ਕੋਸ਼ਿਸ਼ ਕਰੋ ਕਿ ਘਰ, ਸੋਸਾਇਟੀ ਜਾਂ ਆਸ-ਪਾਸ ਦੀਆਂ ਥਾਵਾਂ 'ਤੇ ਗਣਪਤੀ ਬੱਪਾ ਦੀ ਜੋ ਮੂਰਤੀ ਸਥਾਪਿਤ ਹੋਵੇ, ਉਹ ਸਾਡੇ ਦੇਸ਼ ਦੀ ਮਿੱਟੀ ਦੀ ਬਣੀ ਹੋਵੇ। ਉਹ ਆਪਣੇ ਘੁਮਿਆਰਾਂ ਅਤੇ ਸਥਾਨਕ ਕਲਾਕਾਰਾਂ ਦੇ ਹੱਥਾਂ ਨਾਲ ਤਿਆਰ ਹੋਈ। ਜੋ ਲੋਕ ਗਣੇਸ਼ ਜੀ ਦੀਆਂ ਮੂਰਤੀਆਂ ਬਣਾਉਂਦੇ ਹਨ, ਉਨ੍ਹਾਂ ਨੂੰ ਵੀ ਮੇਰੀ ਬੇਨਤੀ ਹੈ ਕਿ ਉਹ ਮਿੱਟੀ ਦੀਆਂ ਮੂਰਤੀਆਂ ਨੂੰ ਪਹਿਲ ਦੇਣ।

'ਮਨ ਕੀ ਬਾਤ' ਦਾ ਪੂਰਾ ਐਪੀਸੋਡ ਸੁਣਨ ਲਈ QR ਕੋਡ ਸਕੈਨ ਕਰੋ।

## ਨਿਊ ਇੰਡੀਆ ਸਮਾਚਾਰ

**ਜਿਲਦ 7, ਅੰਕ 2, 16-31 ਜੁਲਾਈ**

**ਐਡੀਟਰ ਇਨ ਚੀਫ਼ :**
**ਧੀਰੇਂਦਰ ਓਝਾ**
ਪ੍ਰਿੰਸੀਪਲ ਡਾਇਰੈਕਟਰ ਜਨਰਲ,
ਪੱਤਰ ਸੂਚਨਾ ਦਫ਼ਤਰ, ਨਵੀਂ ਦਿੱਲੀ

ਮੁੱਖ ਸਲਾਹਕਾਰ ਸੰਪਾਦਕ
**ਸੰਤੋਸ਼ ਕੁਮਾਰ**

ਸੀਨੀਅਰ ਸਹਾਇਕ ਸਲਾਹਕਾਰ ਸੰਪਾਦਕ
**ਪਵਨ ਕੁਮਾਰ**

ਸਹਾਇਕ ਸਲਾਹਕਾਰ ਸੰਪਾਦਕ
**ਅਖਿਲੇਸ਼ ਕੁਮਾਰ**
**ਚੰਦਨ ਕੁਮਾਰ ਚੌਧਰੀ**

ਭਾਸ਼ਾ ਸੰਪਾਦਨ
**ਸੁਮਿਤ ਕੁਮਾਰ (ਅੰਗ੍ਰੇਜ਼ੀ),**
**ਰਜਨੀਸ਼ ਮਿਸ਼ਰਾ (ਅੰਗ੍ਰੇਜ਼ੀ)**
**ਨਦੀਮ ਅਹਿਮਦ (ਉਰਦੂ),**
**ਅਹਿਮਦ ਖਾਨ (ਪੰਜਾਬੀ)**

ਸੀਨੀਅਰ ਡਿਜ਼ਾਈਨਰ
**ਫੂਲ ਚੰਦ ਤਿਵਾਰੀ**

ਡਿਜ਼ਾਈਨਰ
**ਅਭੈ ਗੁਪਤਾ**
**ਸਤਯਮ ਸਿੰਘ**




**13 ਭਾਸ਼ਾਵਾਂ ਵਿੱਚ ਉਪਲਬਧ 'ਨਿਊ ਇੰਡੀਆ ਸਮਾਚਾਰ' ਨੂੰ ਪੜ੍ਹਨ ਦੇ ਲਈ ਕਲਿੱਕ ਕਰੋ।**

https://newindiasamachar.pib.gov.in/news.aspx

**ਨਿਊ ਇੰਡੀਆ ਸਮਾਚਾਰ' ਦੇ ਪੁਰਾਣੇ ਅੰਕ ਪੜ੍ਹਨ ਦੇ ਲਈ ਕਲਿੱਕ ਕਰੋ**

https://newindiasamachar.pib.gov.in/archive.aspx

ਨਿਊ ਇੰਡੀਆ ਸਮਾਚਾਰ ਬਾਰੇ ਲਗਾਤਾਰ ਅੱਪਡੇਟ ਦੇ ਲਈ ਫਾਲੋ ਕਰੋ :-@NISPIBIndia

# ਅੰਦਰਲੇ ਪੰਨਿਆਂ ਉੱਤੇ...




**ਕਵਰ ਸਟੋਰੀ**

6 ਸਾਲ ਪਹਿਲਾਂ 29 ਜੁਲਾਈ ਨੂੰ ਆਈ ਰਾਸ਼ਟਰੀ ਸਿੱਖਿਆ ਨੀਤੀ 2020 (NEP 2020) ਨਾਲ ਸਿੱਖਿਆ ਤੱਕ ਪਹੁੰਚ ਵਧੀ, ਉੱਚ ਸਿੱਖਿਆ ਦਾ ਢਾਂਚਾ ਮਜ਼ਬੂਤ ਹੋਇਆ ਅਤੇ ਹੁਨਰ ਵਿਕਾਸ ਅਤੇ ਰੁਜ਼ਗਾਰ ਦੇ ਮੌਕੇ ਵਧੇ ਹਨ। ਸਿੱਖਿਆ ਨੀਤੀ ਵਿੱਚ ਆਏ ਬਦਲਾਅ ਨਾਲ ਹੁਣ ਅੰਮ੍ਰਿਤ ਪੀੜ੍ਹੀ ਦੇ ਰੂਪ ਵਿੱਚ ਨੌਜਵਾਨ ਬਣ ਗਏ ਹਨ 'ਵਿਕਸਿਤ ਭਾਰਤ' ਦੇ ਸਾਰਥੀ... | 10-21

**12ਵਾਂ ਅੰਤਰਰਾਸ਼ਟਰੀ ਯੋਗ ਦਿਵਸ**

### ਸਾਰਿਆਂ ਨੂੰ ਜੋੜਦਾ ਸਾਰਿਆਂ ਨੂੰ ਨਾਲ ਲਿਆਉਂਦਾ
# ਯੋਗ

ਭਾਰਤ ਦੀ ਹਜ਼ਾਰਾਂ ਵਰ੍ਹਿਆਂ ਪੁਰਾਣੀ ਯੋਗ ਪਰੰਪਰਾ ਅੱਜ ਪੂਰੀ ਦੁਨੀਆ ਲਈ ਬਣ ਚੁੱਕੀ ਹੈ ਨਵੀਂ ਉਮੀਦ। 30-33




**ਸਮਾਚਾਰ ਸਾਰ** | 4-5

**ਸ਼ਖ਼ਸੀਅਤ - ਕਾਦੰਬਿਨੀ ਗਾਂਗੁਲੀ**
ਭਾਰਤ ਵਿੱਚ ਮੈਡੀਕਲ ਸਿੱਖਿਆ ਤੋਂ ਲੈ ਕੇ ਪ੍ਰੈਕਟਿਸ ਕਰਨ ਵਾਲੀ ਪਹਿਲੀ ਮਹਿਲਾ | 6

**'ਪ੍ਰਗਤੀ' ਨਾਲ ਊਰਜਾ, ਉਦਯੋਗ ਅਤੇ ਆਵਾਜਾਈ ਨੂੰ ਮਿਲੀ ਗਤੀ**
ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 'ਪ੍ਰਗਤੀ' ਦੀ 52ਵੀਂ ਮੀਟਿੰਗ ਦੀ ਪ੍ਰਧਾਨਗੀ ਕੀਤੀ | 7

**ਨੇਸ਼ਨ ਫਸਟ, ਭਾਰਤ ਦਾ ਸਭ ਤੋਂ ਵੱਡਾ ਮੰਤਰ**
ਰੀਪਬਲਿਕ ਸਮਿਟ-2026 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੀਤਾ ਸੰਬੋਧਨ | 8-9

**ਦਿੱਲੀ ਨੂੰ 6 ਲੇਨ ਟਨਲ, ਯੂਪੀ ਨੂੰ ਨਵਾਂ ਹਾਈਵੇਅ**
ਕੇਂਦਰੀ ਕੈਬਨਿਟ ਦਾ ਅਹਿਮ ਫੈਸਲਾ | 22-23

**ਭਵਿੱਖ ਦੀ ਅਰਥਵਿਵਸਥਾ ਦਾ ਆਗੂ ਬਣੇਗਾ ਭਾਰਤ**
ਪੀਐੱਮ ਵਿਕਸਿਤ ਭਾਰਤ ਰੁਜ਼ਗਾਰ ਯੋਜਨਾ ਵਿੱਚ 2,420 ਕਰੋੜ ਰੁਪਏ ਦੀ ਰਾਸ਼ੀ ਵੰਡੀ ਗਈ | 24-25

**ਬੰਗਾਲ ਰਚੇਗਾ ਇਤਿਹਾਸ... ਭਾਰਤ ਦੀ ਵਧੇਗੀ ਗਤੀ**
ਪੀਐੱਮ ਮੋਦੀ ਨੇ 'ਪੀਐੱਮ-ਕਿਸਾਨ' ਦੀ 23ਵੀਂ ਕਿਸ਼ਤ ਜਾਰੀ ਕੀਤੀ | 26-27

**ਪ੍ਰਵੇਸ਼-ਦੁਆਰ ਦੇ ਰੂਪ ਵਿੱਚ ਉੱਭਰ ਰਿਹਾ 'ਓਡੀਸ਼ਾ'**
47,000 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦੀ ਸੌਗਾਤ | 28-29

**ਪਦਮ ਪੁਰਸਕਾਰ 2026 - ਨਿਸ਼ਠਾ ਅਤੇ ਸਮਰਪਣ ਨੂੰ ਨਮਨ**
ਵਿਸ਼ੇਸ਼ ਲੇਖ ਵਿੱਚ ਦੇਸ਼ ਦੇ ਨਾਇਕਾਂ ਦੀਆਂ ਪ੍ਰੇਰਨਾਦਾਇਕ ਕਹਾਣੀਆਂ | 34-38

**ਭਾਰਤ ਗਲੋਬਲ ਸਾਊਥ ਦੀਆਂ ਇੱਛਾਵਾਂ ਅਤੇ ਉਮੀਦਾਂ ਦੀ ਸਸ਼ਕਤ ਆਵਾਜ਼**
ਲਗਾਤਾਰ 8ਵੀਂ ਵਾਰ ਜੀ7 ਵਿੱਚ ਭਾਰਤ ਨੂੰ ਮਿਲਿਆ ਸੱਦਾ | 39-41

**ਭਾਰਤ ਅਤੇ ਸੇਸ਼ੈਲਸ ਦੀ ਦੋਸਤੀ ਦੇ ਸੁਨਹਿਰੀ 50 ਵਰ੍ਹੇ**
ਸੇਸ਼ੈਲਸ ਦੇ ਰਾਸ਼ਟਰੀ ਦਿਵਸ ਦੀ ਗੋਲਡਨ ਜੁਬਲੀ 'ਤੇ ਸ਼ਾਮਲ ਹੋਏ ਪੀਐੱਮ ਮੋਦੀ | 42-43

**ਮਹਿਲਾ ਖੇਡ ਜਗਤ ਦਾ ਸੁਨਹਿਰੀ ਯੁੱਗ, ਖੇਲੋ ਇੰਡੀਆ ਤੋਂ ਗਲੋਬਲ ਸਟੇਜ ਤੱਕ**
ਐੱਫਆਈਐੱਚ: ਹਾਕੀ ਮਹਿਲਾ ਨੇਸ਼ਨਸ ਕੱਪ | 44



ਪ੍ਰਕਾਸ਼ਕ: ਕੰਚਨ ਪ੍ਰਸਾਦ, ਡਾਇਰੈਕਟਰ ਜਨਰਲ, ਸੀਬੀਸੀ (ਕੇਂਦਰੀ ਸੰਚਾਰ ਬਿਊਰੋ)। ਕਮਿਊਨੀਕੇਸ਼ਨ ਅਡਰੈੱਸ ਅਤੇ ਈ-ਮੇਲ : ਕਮਰਾ ਨੰਬਰ -1077, ਸੂਚਨਾ ਭਵਨ, ਸੀਜੀਓ ਕੰਪਲੈਕਸ, ਨਵੀਂ ਦਿੱਲੀ -110003, ਈ- ਮੇਲ –responsenis@pib.gov.in ਆਰ.ਐੱਨ.ਆਈ. ਨੰਬਰ DELPUN/2020/78808

# ਸੰਪਾਦਕ ਦੀ ਕਲਮ ਤੋਂ...

# ਵਿਕਸਿਤ ਭਾਰਤ : ਅੰਮ੍ਰਿਤ ਪੀੜ੍ਹੀ ਦਾ ਅੰਮ੍ਰਿਤ ਸੰਕਲਪ

**ਸਾਦਰ ਨਮਸਕਾਰ**

उत्तिष्ठत जाग्रत प्राप्य वरान्निबोधत

ਅਰਥਾਤ - ਉੱਠੋ, ਜਾਗੋ ਅਤੇ ਲਕਸ਼ ਦੀ ਪ੍ਰਾਪਤੀ ਤੱਕ ਨਾ ਰੁਕੋ। ਕਠੋਪਨਿਸ਼ਦ ਦੇ ਇਸ ਮੰਤਰ ਨੂੰ ਸਵਾਮੀ ਵਿਵੇਕਾਨੰਦ ਜੀ ਨੇ ਨੌਜਵਾਨਾਂ ਦਾ ਜੀਵਨ ਮੰਤਰ ਦੱਸਿਆ ਸੀ। ਅੱਜ ਜਦੋਂ ਭਾਰਤ ਵਿਸ਼ਵ ਦੀ ਸਭ ਤੋਂ ਵੱਡੀ ਨੌਜਵਾਨ ਆਬਾਦੀ ਵਾਲਾ ਦੇਸ਼ ਹੈ ਅਤੇ ਲਗਭਗ 65 ਪ੍ਰਤੀਸ਼ਤ ਆਬਾਦੀ 35 ਸਾਲ ਤੋਂ ਘੱਟ ਉਮਰ ਦੀ ਹੈ, ਉਦੋਂ ਇਹ ਸੰਦੇਸ਼ ਪਹਿਲਾਂ ਨਾਲੋਂ ਕਿਤੇ ਵੱਧ ਪ੍ਰਾਸੰਗਿਕ ਹੋ ਜਾਂਦਾ ਹੈ।

ਭਾਰਤ ਅੱਜ ਸਕਾਰਾਤਮਕ ਤਬਦੀਲੀ ਦੇ ਇੱਕ ਮਹੱਤਵਪੂਰਨ ਦੌਰ ਵਿੱਚੋਂ ਲੰਘ ਰਿਹਾ ਹੈ। ਸਿੱਖਿਆ, ਹੁਨਰ ਵਿਕਾਸ, ਖੇਡਾਂ, ਉੱਦਮਤਾ ਅਤੇ ਨਵੀਨਤਾ ਹਰ ਖੇਤਰ ਵਿੱਚ ਨੌਜਵਾਨ ਇਸ ਬਦਲਾਅ ਦੇ ਸਭ ਤੋਂ ਮਜ਼ਬੂਤ ਵਾਹਕ ਬਣ ਕੇ ਉੱਭਰੇ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜਦੋਂ ਦੇਸ਼ ਦੀਆਂ ਚਾਰ ਪ੍ਰਮੁੱਖ ਸ਼ਕਤੀਆਂ – ਗ਼ਰੀਬ, ਨੌਜਵਾਨ, ਅੰਨਦਾਤਾ ਅਤੇ ਨਾਰੀ ਸ਼ਕਤੀ ਦੀ ਗੱਲ ਕਰਦੇ ਹਨ, ਤਾਂ ਉਸ ਵਿੱਚ ਯੁਵਾ ਸ਼ਕਤੀ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਵਿਕਸਿਤ ਭਾਰਤ ਦੀ ਕਲਪਨਾ ਨੂੰ ਸਾਕਾਰ ਕਰਨ ਵਿੱਚ ਨੌਜਵਾਨਾਂ ਦੀ ਭੂਮਿਕਾ ਸਭ ਤੋਂ ਮਹੱਤਵਪੂਰਨ ਹੈ।

'ਅੰਮ੍ਰਿਤ ਪੀੜ੍ਹੀ' ਦੇ ਰੂਪ ਵਿੱਚ ਪਛਾਣੇ ਜਾਣ ਵਾਲੇ ਇਹ ਨੌਜਵਾਨ ਅੱਜ ਨਾ ਸਿਰਫ਼ ਭਵਿੱਖ ਦੇ ਸੁਪਨੇ ਦੇਖ ਰਹੇ ਹਨ, ਸਗੋਂ 'ਵਿਕਸਿਤ ਭਾਰਤ@2047' ਦੇ ਸਹਿ-ਨਿਰਮਾਤਾ ਬਣ ਕੇ ਇਸ ਦੀ ਮਜ਼ਬੂਤ ਨੀਂਹ ਰੱਖ ਰਹੇ ਹਨ। ਵਿਕਸਿਤ ਭਾਰਤ ਯੰਗ ਲੀਡਰਜ਼ ਡਾਇਲੌਗ ਵਰਗੇ ਮੰਚਾਂ ਰਾਹੀਂ ਕਰੋੜਾਂ ਨੌਜਵਾਨ ਰਾਸ਼ਟਰੀ ਮੁਹਿੰਮਾਂ ਨਾਲ ਜੁੜ ਰਹੇ ਹਨ।

ਬੀਤੇ 12 ਵਰ੍ਹਿਆਂ ਵਿੱਚ ਭਾਰਤ ਸਰਕਾਰ ਨੇ ਨੌਜਵਾਨਾਂ ਦੀ ਸਮਰੱਥਾ ਨੂੰ ਪਛਾਣਦੇ ਹੋਏ ਉਨ੍ਹਾਂ ਨੂੰ ਸਟਾਰਟਅੱਪ, ਜਨਤਕ ਸੇਵਾ, ਖੇਡਾਂ ਅਤੇ ਰਚਨਾਤਮਕ ਖੇਤਰਾਂ ਵਿੱਚ ਅੱਗੇ ਵਧਣ ਦੇ ਬੇਮਿਸਾਲ ਮੌਕੇ ਦਿੱਤੇ ਹਨ। ਅੱਜ ਭਾਰਤ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਸਟਾਰਟਅੱਪ ਈਕੋਸਿਸਟਮ ਹੈ ਅਤੇ ਇਸ ਦੀ ਵਾਗਡੋਰ ਇਨ੍ਹਾਂ ਨੌਜਵਾਨਾਂ ਦੇ ਹੱਥਾਂ ਵਿੱਚ ਹੈ।

ਸਿੱਖਿਆ ਦੇ ਖੇਤਰ ਵਿੱਚ ਵੀ ਇਹ ਬਦਲਾਅ ਸਪਸ਼ਟ ਦਿਖਾਈ ਦਿੰਦਾ ਹੈ। ਹੁਣ ਤਰਜੀਹ ਸਿਰਫ਼ ਸਿੱਖਿਆ ਤੱਕ ਪਹੁੰਚ ਵਧਾਉਣ ਦੀ ਨਹੀਂ, ਸਗੋਂ ਗੁਣਵੱਤਾ ਭਰਪੂਰ ਸਿੱਖਿਆ ਯਕੀਨੀ ਬਣਾਉਣ ਦੀ ਹੈ। ਰਾਸ਼ਟਰੀ ਸਿੱਖਿਆ ਨੀਤੀ (NEP) 2020 ਇਸ ਤਬਦੀਲੀ ਦੀ ਮਜ਼ਬੂਤ ਨੀਂਹ ਬਣੀ ਹੈ। 29 ਜੁਲਾਈ 2026 ਨੂੰ ਐੱਨਈਪੀ ਦੇ ਛੇ ਵਰ੍ਹੇ ਪੂਰੇ ਹੋ ਰਹੇ ਹਨ। ਇਹ ਨੀਤੀ ਅੰਮ੍ਰਿਤ ਪੀੜ੍ਹੀ ਨੂੰ ਭਵਿੱਖ ਲਈ ਤਿਆਰ ਕਰਦੇ ਹੋਏ 'ਵਿਕਸਿਤ ਭਾਰਤ@2047' ਦੇ ਟੀਚੇ ਨੂੰ ਨਵੀਂ ਦਿਸ਼ਾ ਅਤੇ ਨਵੀਂ ਗਤੀ ਦੇ ਰਹੀ ਹੈ।

ਇਸ ਤੋਂ ਇਲਾਵਾ ਸ਼ਖਸੀਅਤ ਦੀ ਕੜੀ ਵਿੱਚ ਭਾਰਤ ਵਿੱਚ ਡਾਕਟਰ ਵਜੋਂ ਸਿਖਲਾਈ ਪ੍ਰਾਪਤ ਪਹਿਲੀ ਮਹਿਲਾ ਕਾਦੰਬਿਨੀ ਗਾਂਗੁਲੀ, ਅੰਤਰਰਾਸ਼ਟਰੀ ਯੋਗ ਦਿਵਸ, ਪਦਮ ਸਨਮਾਨ, ਮਹਿਲਾ ਹਾਕੀ ਖਿਡਾਰਨਾਂ ਅਤੇ ਐਥਲੀਟਾਂ ਦੇ ਵਿਸ਼ਵ ਪੱਧਰ 'ਤੇ ਦੇਸ਼ ਦਾ ਮਾਣ ਵਧਾਉਣ ਸਮੇਤ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਪੰਦਰਵਾੜੇ ਭਰ ਦੇ ਪ੍ਰੋਗਰਾਮਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ।

ਨਾਲ ਹੀ, ਪੱਤ੍ਰਿਕਾ ਦੇ ਇਨਸਾਈਡ ਪੇਜ 'ਤੇ 'ਮਨ ਕੀ ਬਾਤ' ਅਤੇ ਬੈਕ ਕਵਰ 'ਤੇ ਭਾਰਤੀ ਜਲ ਸੈਨਾ ਦੇ ਤਿੰਨ ਆਧੁਨਿਕ ਜਹਾਜ਼ਾਂ ਨੂੰ ਕਮਿਸ਼ਨ ਕੀਤੇ ਜਾਣ ਬਾਰੇ ਵਿਸ਼ੇਸ਼ ਸਮੱਗਰੀ ਸ਼ਾਮਲ ਹੈ।

ਤੁਸੀਂ ਆਪਣੇ ਸੁਝਾਅ ਸਾਨੂੰ ਭੇਜਦੇ ਰਹੋ।

(ਧੀਰੇਂਦਰ ਓਝਾ)

ਹਿੰਦੀ, ਅੰਗ੍ਰੇਜ਼ੀ ਅਤੇ ਹੋਰ 11 ਭਾਸ਼ਾਵਾਂ ਵਿੱਚ ਉਪਲਬਧ ਪੱਤ੍ਰਿਕਾ ਪੜ੍ਹੋ /ਡਾਊਨਲੋਡ ਕਰੋ।
https://newindiasamachar.pib.gov.in/news.aspx

# ਆਪਕੀ ਬਾਤ...






### ਮੈਗਜ਼ੀਨ ਪੜ੍ਹਨ ਨਾਲ ਮਿਲਦੀ ਹੈ ਮਦਦ

ਮੈਂ ਰੁਪੇਸ਼ ਖਾਨ, ਬਾਂਕੁਰਾ ਸਦਰ, ਪੱਛਮ ਬੰਗਾਲ ਦਾ ਰਹਿਣ ਵਾਲਾ ਹਾਂ। ਮੈਂ ਇੱਕ ਪੱਤਰਕਾਰ ਹਾਂ ਅਤੇ ਨਿਯਮਿਤ ਤੌਰ 'ਤੇ ਨਿਊ ਇੰਡੀਆ ਸਮਾਚਾਰ ਪੜ੍ਹਦਾ ਹਾਂ। ਇਸ ਨਾਲ ਮੈਨੂੰ ਕਾਫ਼ੀ ਮਦਦ ਮਿਲਦੀ ਹੈ।

rupeshphoto@gmail.com

### ਸਮੱਗਰੀ ਅਤੇ ਤਕਨੀਕ ਦੀ ਕਸੌਟੀ 'ਤੇ ਉੱਤਮ

ਨਿਊ ਇੰਡੀਆ ਸਮਾਚਾਰ ਵਿੱਚ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਭਵਿੱਖ ਦੀਆਂ ਯੋਜਨਾਵਾਂ ਨੂੰ ਪੜ੍ਹਨਾ ਇੱਕ ਜਾਗਰੂਕ ਨਾਗਰਿਕ ਲਈ ਬਹੁਤ ਮਹੱਤਵਪੂਰਨ ਹੈ। ਕਿਸੇ ਵੀ ਹੋਰ ਅਖ਼ਬਾਰ ਜਾਂ ਮੈਗਜ਼ੀਨ ਵਿੱਚ ਇਹ ਵੇਰਵੇ ਉਨ੍ਹਾਂ ਦੇ ਨਜ਼ਰੀਏ ਤੋਂ ਪੜ੍ਹਨ ਨੂੰ ਮਿਲਦੇ ਹਨ। ਮੈਂ ਖ਼ੁਦ ਇੱਕ ਸੁਤੰਤਰ ਲੇਖਕ ਹਾਂ। ਇਸ ਲਈ ਦੇਸ਼ ਦੀ ਪ੍ਰਗਤੀ ਵਿੱਚ ਸੂਚਨਾਵਾਂ ਦੀ ਪਾਰਦਰਸ਼ਿਤਾ ਦੇ ਮਹੱਤਵ ਨੂੰ ਸਮਝ ਸਕਦਾ ਹਾਂ। ਇਸ ਮਹਾਯੱਗ ਵਿੱਚ ਇਸ ਮੈਗਜ਼ੀਨ ਰਾਹੀਂ ਜੋ ਯੋਗਦਾਨ ਪਾਇਆ ਜਾ ਰਿਹਾ ਹੈ, ਉਸ ਦੀ ਮੈਂ ਖੁੱਲ੍ਹੇ ਦਿਲ ਨਾਲ ਸ਼ਲਾਘਾ ਕਰਨਾ ਚਾਹੁੰਦਾ ਹਾਂ।

ਵਿਵੇਕ ਰੰਜਨ ਸ੍ਰੀਵਾਸਤਵ

apaniabhivyakti@gmail.com

### ਮੈਗਜ਼ੀਨ ਨਾਲ ਮੇਰੀ ਜਾਣਕਾਰੀ ਵਿੱਚ ਹੋਇਆ ਕਾਫ਼ੀ ਸੁਧਾਰ

ਮੈਂ ਗੁਜਰਾਤ ਦੇ ਅਹਿਮਦਾਬਾਦ ਵਿੱਚ ਰਹਿੰਦਾ ਹਾਂ। ਮੈਂ ਗੁਜਰਾਤ ਸਟੇਟ ਪੀਸੀਐੱਸ ਅਤੇ ਯੂਪੀਐੱਸਸੀ ਪ੍ਰੀਖਿਆ ਦੀ ਤਿਆਰੀ ਕਰ ਰਿਹਾ ਹਾਂ। ਪੀਆਈਬੀ ਰੋਜ਼ ਦੇਸ਼ ਦੇ ਵਿਕਾਸ ਲਈ ਸਰਕਾਰ ਵੱਲੋਂ ਚੁੱਕੇ ਗਏ ਕਦਮਾਂ ਬਾਰੇ ਜ਼ਰੂਰੀ ਜਾਣਕਾਰੀ ਦਿੰਦਾ ਹੈ। ਪ੍ਰੀਖਿਆ ਦੀ ਤਿਆਰੀ ਵਿੱਚ ਇਸ ਤੋਂ ਮਿਲਣ ਵਾਲੀ ਜਾਣਕਾਰੀ ਬਹੁਤ ਅਹਿਮ ਭੂਮਿਕਾ ਨਿਭਾਉਂਦੀ ਹੈ। ਪਿਛਲੇ ਕੁਝ ਮਹੀਨਿਆਂ ਤੋਂ ਮੈਂ ਗੁਜਰਾਤੀ ਭਾਸ਼ਾ ਵਿੱਚ 'ਨਿਊ ਇੰਡੀਆ ਸਮਾਚਾਰ' ਮੈਗਜ਼ੀਨ ਦੀ ਡਿਜੀਟਲ ਕਾਪੀ ਪੜ੍ਹ ਰਿਹਾ ਹਾਂ, ਜਿਸ ਨਾਲ ਮੇਰੀ ਜਾਣਕਾਰੀ ਵਿੱਚ ਕਾਫ਼ੀ ਸੁਧਾਰ ਹੋਇਆ ਹੈ। ਮੇਰੇ ਵਾਂਗ ਕਈ ਹੋਰ ਵਿਦਿਆਰਥੀ ਵੀ ਪੜ੍ਹਨ ਦੇ ਸ਼ੌਕੀਨ ਹਨ। ਹਾਲਾਂਕਿ ਮੈਨੂੰ ਮੋਬਾਈਲ 'ਤੇ ਡਿਜੀਟਲ ਕਾਪੀ ਪੜ੍ਹਨ ਦੀ ਬਜਾਏ ਕਿਤਾਬ ਪੜ੍ਹਨਾ ਜ਼ਿਆਦਾ ਪਸੰਦ ਹੈ।

jaydevsinhdodiya0611@gmail.com

### ਪ੍ਰੀਖਿਆ ਦੀ ਤਿਆਰੀ ਵਿੱਚ ਬਹੁਤ ਮਦਦਗਾਰ ਮੈਗਜ਼ੀਨ

ਮੈਂ ਪ੍ਰਤੀਯੋਗੀ ਪ੍ਰੀਖਿਆ ਦੀ ਤਿਆਰੀ ਕਰ ਰਹੀ ਹਾਂ। ਮੈਂ ਤੁਹਾਨੂੰ ਦੱਸਣਾ ਚਾਹੁੰਦੀ ਹਾਂ ਕਿ ਪ੍ਰੀਖਿਆ ਦੀ ਤਿਆਰੀ ਵਿੱਚ ਮੇਰੇ ਲਈ ਇਹ ਮੈਗਜ਼ੀਨ ਬਹੁਤ ਮਦਦਗਾਰ ਹੈ।

gavidisravani7@gmail.com

### ਵੱਖ-ਵੱਖ ਜਾਣਕਾਰੀ ਪ੍ਰਾਪਤ ਕਰਨ ਲਈ ਬਹੁਤ ਕੰਮ ਦਾ ਹੈ ਮੈਗਜ਼ੀਨ

ਮੈਂ ਚੰਦਨ ਬਸੁ ਇੱਕ ਮੈਗਜ਼ੀਨ ਦਾ ਸੰਪਾਦਕ ਹਾਂ। ਮੇਰੀ ਉਮਰ 66 ਸਾਲ ਹੈ। ਮੈਨੂੰ ਨਿਯਮਿਤ ਤੌਰ 'ਤੇ ਨਿਊ ਇੰਡੀਆ ਸਮਾਚਾਰ ਈਮੇਲ 'ਤੇ ਮਿਲਦੀ ਹੈ। ਮੈਨੂੰ ਲੱਗਦਾ ਹੈ ਕਿ ਇਹ ਮੈਗਜ਼ੀਨ ਵੱਖ-ਵੱਖ ਤਰ੍ਹਾਂ ਦੀ ਜਾਣਕਾਰੀ ਹਾਸਲ ਕਰਨ ਲਈ ਬਹੁਤ ਕੰਮ ਦੀ ਹੈ।

**ਚੰਦਨ ਬਸੁ**

outlineofindia@gmail.com


ਕਮਿਊਨੀਕੇਸ਼ਨ ਅਡਰੈੱਸ ਅਤੇ ਈਮੇਲ : ਕਮਰਾ ਨੰਬਰ -1077, ਸੂਚਨਾ ਭਵਨ, ਸੀਜੀਓ ਕੰਪਲੈਕਸ, ਨਵੀਂ ਦਿੱਲੀ- 110003

**ਈਮੇਲ**- response-nis@pib.gov.in

# ਜਹਾਜ਼ ਰੀਸਾਈਕਲਿੰਗ ਵਿੱਚ ਪਹਿਲੇ ਸਥਾਨ 'ਤੇ ਭਾਰਤ

ਪੁਰਾਣੇ, ਬੇਕਾਰ ਜਾਂ ਸੇਵਾ ਮੁਕਤ ਹੋ ਚੁੱਕੇ ਜਹਾਜ਼ਾਂ ਨੂੰ ਤੋੜ ਕੇ ਉਨ੍ਹਾਂ ਦੀ ਦੁਬਾਰਾ ਵਰਤੋਂ ਵਿੱਚ ਆਉਣ ਵਾਲੇ ਹਿੱਸਿਆਂ ਨੂੰ ਵੱਖ ਕਰਨ ਦੇ ਮਾਮਲੇ ਵਿੱਚ ਭਾਰਤ 2025 ਵਿੱਚ ਵਿਸ਼ਵ ਦਾ ਸਭ ਤੋਂ ਵੱਡਾ ਸ਼ਿਪ ਰੀਸਾਈਕਲਿੰਗ ਦੇਸ਼ ਬਣ ਗਿਆ ਹੈ। ਸੰਯੁਕਤ ਰਾਸ਼ਟਰ ਵਪਾਰ ਅਤੇ ਵਿਕਾਸ ਸੰਮੇਲਨ ਦੀ ਤਾਜ਼ਾ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਗਲੋਬਲ ਸ਼ਿਪ ਰੀਸਾਈਕਲਿੰਗ ਵਿੱਚ ਭਾਰਤ ਦੀ ਹਿੱਸੇਦਾਰੀ ਸਾਲ 2024 ਦੇ 30.1 ਪ੍ਰਤੀਸ਼ਤ ਤੋਂ ਵਧ ਕੇ ਸਾਲ 2025 ਵਿੱਚ 35.4 ਪ੍ਰਤੀਸ਼ਤ ਹੋ ਗਈ ਹੈ।

ਇਸ ਦੇ ਨਾਲ ਹੀ ਭਾਰਤ ਨੇ ਮੈਰੀਟਾਈਮ ਇੰਡੀਆ ਵਿਜ਼ਨ 2030 ਦੇ ਸ਼ਿਪ ਰੀਸਾਈਕਲਿੰਗ ਟੀਚੇ ਨੂੰ ਮਿੱਥੇ ਸਮੇਂ ਤੋਂ 5 ਵਰ੍ਹੇ ਪਹਿਲਾਂ ਹੀ ਹਾਸਲ ਕਰ ਲਿਆ ਹੈ। ਕੇਂਦਰੀ ਮੰਤਰੀ ਸਰਬਾਨੰਦ ਸੋਨੋਵਾਲ ਨੇ ਇਸ ਪ੍ਰਾਪਤੀ ਦਾ ਕ੍ਰੈਡਿਟ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀਆਂ ਨੀਤੀਆਂ, ਸਮੁੰਦਰੀ ਸੁਧਾਰਾਂ ਅਤੇ ਵਾਤਾਵਰਣ ਅਨੁਕੂਲ ਜਹਾਜ਼ ਰੀਸਾਈਕਲਿੰਗ ਪ੍ਰਣਾਲੀ ਨੂੰ ਦਿੱਤਾ ਹੈ।




## ਸਵਦੇਸ਼ੀ ਕਰੂਜ਼ ਮਿਜ਼ਾਈਲ ਦਾ ਪ੍ਰੀਖਣ

ਰੱਖਿਆ ਖੋਜ ਅਤੇ ਵਿਕਾਸ ਸੰਗਠਨ (DRDO) ਨੇ 15 ਜੂਨ ਨੂੰ ਓਡੀਸ਼ਾ ਦੇ ਤਟ 'ਤੇ ਸਥਿਤ ਡਾ. ਏਪੀਜੇ ਅਬਦੁਲ ਕਲਾਮ ਦੀਪ ਤੋਂ ਸਵਦੇਸ਼ੀ ਲੰਬੀ ਦੂਰੀ ਦੀ ਜ਼ਮੀਨ 'ਤੇ ਹਮਲਾ ਕਰਨ ਦੇ ਸਮਰੱਥ ਕਰੂਜ਼ ਮਿਜ਼ਾਈਲ ਦਾ ਸਫ਼ਲ ਉਡਾਣ ਪ੍ਰੀਖਣ ਕੀਤਾ। ਮਿਜ਼ਾਈਲ ਨੇ ਪ੍ਰੀਖਣ ਦੌਰਾਨ ਸਾਰੇ ਨਿਰਧਾਰਿਤ ਉਦੇਸ਼ਾਂ ਨੂੰ ਸਫ਼ਲਤਾਪੂਰਵਕ ਪੂਰਾ ਕੀਤਾ। ਇਹ ਸੌ ਫ਼ੀਸਦੀ ਸਵਦੇਸ਼ੀ ਰੂਪ ਵਿੱਚ ਵਿਕਸਿਤ ਕਰੂਜ਼ ਮਿਜ਼ਾਈਲ ਹੈ, ਜਿਸ ਦੀਆਂ ਸਾਰੀਆਂ ਮੁੱਖ ਉਪ-ਪ੍ਰਣਾਲੀਆਂ ਡੀਆਰਡੀਓ. ਦੀਆਂ ਵੱਖ-ਵੱਖ ਲੈਬੋਰਟਰੀਜ਼ ਅਤੇ ਭਾਰਤੀ ਰੱਖਿਆ ਉਦਯੋਗ ਦੇ ਭਾਈਵਾਲਾਂ ਵੱਲੋਂ ਤਿਆਰ ਕੀਤੀਆਂ ਗਈਆਂ ਹਨ। ਰਕਸ਼ਾ ਮੰਤਰੀ ਰਾਜਨਾਥ ਸਿੰਘ ਨੇ ਐੱਲਆਰਐੱਲਸੀਐੱਮ ਦੇ ਸਫ਼ਲ ਉਡਾਣ ਪ੍ਰੀਖਣ 'ਤੇ ਡੀਆਰਡੀਓ.ਦੇ ਵਿਗਿਆਨੀਆਂ, ਇੰਜੀਨੀਅਰਾਂ ਅਤੇ ਸਾਰੇ ਰੱਖਿਆ ਉਦਯੋਗ ਭਾਈਵਾਲਾਂ ਨੂੰ ਵਧਾਈ ਦਿੱਤੀ ਹੈ।

## ਭਾਰਤ ਨੇ ਰੱਖਿਆ ਉਤਪਾਦਨ ਦਾ ਛੂਹਿਆ ਨਵਾਂ ਸ਼ਿਖਰ

ਵਿਕਸਿਤ ਭਾਰਤ 2047 ਦਾ ਟੀਚਾ ਦੇਸ਼ ਨੂੰ ਆਤਮ-ਨਿਰਭਰ ਬਣਾਉਣਾ, 'ਮੇਕ ਇਨ ਇੰਡੀਆ' ਨੂੰ ਉਤਸ਼ਾਹਿਤ ਕਰਨਾ ਅਤੇ ਭਾਰਤ ਵਿੱਚ ਉਤਪਾਦਨ ਨੂੰ ਵਧਾਉਣਾ ਹੈ। ਵਿਕਸਿਤ ਭਾਰਤ 2047 ਦੇ ਸੰਕਲਪ ਅਤੇ ਤਰਜੀਹਾਂ ਵਿੱਚ ਆਤਮ-ਨਿਰਭਰ ਭਾਰਤ, ਮੇਕ ਇਨ ਇੰਡੀਆ ਅਤੇ ਮੈਨੂਫੈਕਚਰਿੰਗ ਖੇਤਰ ਵਿੱਚ ਵਾਧਾ ਸ਼ਾਮਲ ਹੈ। ਅਜਿਹੇ ਵਿੱਚ ਰੱਖਿਆ ਖੇਤਰ ਦੇ ਉਤਪਾਦਨ ਵਿੱਚ ਲਗਾਤਾਰ ਵਾਧੇ ਨੇ ਆਤਮ-ਨਿਰਭਰਤਾ ਵੱਲ ਮਜ਼ਬੂਤ ਕਦਮ ਵਧਾਇਆ ਹੈ। ਵਿੱਤੀ ਸਾਲ 2025-26 ਵਿੱਚ ਰੱਖਿਆ ਉਤਪਾਦਨ 1.78 ਲੱਖ ਕਰੋੜ ਰੁਪਏ ਦੇ ਰਿਕਾਰਡ ਪੱਧਰ 'ਤੇ ਪਹੁੰਚ ਗਿਆ ਹੈ।





# ਦੇਵਭੂਮੀ ਦੀ ਲੀਚੀ ਇਟਲੀ ਤਾਂ ਤੇਜ਼ਪੁਰੀ ਲੀਚੀ ਦੁਬਈ ਦੀ ਪਸੰਦ

ਭਾਰਤ ਨਾ ਸਿਰਫ਼ ਖੇਤੀਬਾੜੀ ਨੂੰ ਉਤਸ਼ਾਹਿਤ ਕਰ ਰਿਹਾ ਹੈ ਸਗੋਂ ਕਿਸਾਨਾਂ ਨੂੰ ਮਜ਼ਬੂਤ ਬਣਾਉਣ ਦੇ ਨਾਲ-ਨਾਲ ਭਾਰਤੀ ਖੇਤੀਬਾੜੀ ਉਤਪਾਦਾਂ ਨੂੰ ਗਲੋਬਲ ਬਜ਼ਾਰਾਂ ਤੱਕ ਪਹੁੰਚਾਉਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਇਹੋ ਕਾਰਨ ਹੈ ਕਿ ਦੇਵਭੂਮੀ ਉੱਤਰਾਖੰਡ ਦੀ ਪ੍ਰੀਮੀਅਮ ਲੀਚੀ ਇਟਲੀ ਅਤੇ ਅਸਾਮ ਦੀ ਜੀਆਈ ਟੈਗ ਪ੍ਰਾਪਤ ਤੇਜ਼ਪੁਰੀ ਲੀਚੀ ਦੁਬਈ ਦੇ ਬਜ਼ਾਰਾਂ ਵਿੱਚ ਪਹੁੰਚ ਰਹੀ ਹੈ। ਦੇਹਰਾਦੂਨ ਦੀ ਲੀਚੀ ਆਪਣੀ ਵਿਲੱਖਣ ਮਿਠਾਸ, ਆਕਰਸ਼ਕ ਲਾਲ ਰੰਗ, ਮਿੱਠੀ ਖੁਸ਼ਬੂ ਅਤੇ ਬਿਹਤਰੀਨ ਗੁੱਦੇ (ਪਲਪ) ਦੀ ਗੁਣਵੱਤਾ ਲਈ ਵਿਆਪਕ ਰੂਪ ਵਿੱਚ ਜਾਣੀ ਜਾਂਦੀ ਹੈ।

ਖੇਤੀਬਾੜੀ ਅਤੇ ਪ੍ਰੋਸੈੱਸਡ ਫੂਡ ਪ੍ਰੋਡਕਟਸ ਐਕਸਪੋਰਟ ਡਿਵੈਲਪਮੈਂਟ ਅਥਾਰਿਟੀ (APEDA) ਨੇ ਉੱਤਰਾਖੰਡ ਦੀ 1 ਮੀਟ੍ਰਿਕ ਟਨ ਲੀਚੀ ਦੀ ਪਹਿਲੀ ਖੇਪ ਇਟਲੀ ਭੇਜਣ ਵਿੱਚ ਮਦਦ ਕੀਤੀ। ਇਹ ਯੂਰੋਪੀਅਨ ਬਜ਼ਾਰ ਵਿੱਚ ਨਾ ਸਿਰਫ਼ ਉੱਤਰਾਖੰਡ ਦੀ ਪ੍ਰੀਮੀਅਮ ਲੀਚੀ ਦੇ ਪ੍ਰਵੇਸ਼, ਸਗੋਂ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਭਾਰਤੀ ਫਲਾਂ ਦੀ ਮੌਜੂਦਗੀ ਨੂੰ ਵੀ ਮਜ਼ਬੂਤ ਕਰੇਗਾ।

## NAFED ਨੇ ਸ਼ੁਰੂ ਕੀਤੀਆਂ ਚਾਰ ਪਹਿਲਕਦਮੀਆਂ... ਈ-ਔਕਸ਼ਨ ਪੋਰਟਲ NAFEX.in ਲਾਂਚ


ਸਰਕਾਰ ਦਾ 'ਸਹਿਕਾਰਤਾ ਸੇ ਸਮ੍ਰਿੱਧੀ' ਦਾ ਮੰਤਰ ਨੈਸ਼ਨਲ ਐਗਰੀਕਲਚਰਲ ਕੋਆਪ੍ਰੇਟਿਵ ਮਾਰਕੀਟਿੰਗ ਫੈੱਡਰੇਸ਼ਨ ਆਫ਼ ਇੰਡੀਆ ਲਿਮਿਟੇਡ (ਨੇਫੇਡ) ਵਿੱਚ ਵੀ ਦਿਖਾਈ ਦੇ ਰਿਹਾ ਹੈ। ਨੇਫੇਡ ਵਿੱਚ ਪਾਰਦਰਸ਼ਿਤਾ ਵਧਾਉਣ ਅਤੇ ਕਿਸਾਨਾਂ ਦੀ ਭਲਾਈ ਲਈ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਜੂਨ ਦੇ ਆਖਰੀ ਪੰਦਰਵਾੜੇ ਵਿੱਚ ਇਕੱਠੇ NAFEX.in, ਦ੍ਰਿਸ਼ਟੀ, ਈਆਰਪੀ ਅਤੇ ਨੇਫੇਡ ਭਲਾਈ ਪਹਿਲਕਦਮੀਆਂ ਦੀ ਸ਼ੁਰੂਆਤ ਕੀਤੀ। ਕੇਂਦਰੀ ਸਹਿਕਾਰਤਾ ਮੰਤਰੀ ਨੇ ਕਿਹਾ ਕਿ NAFEX.in ਸਮੇਤ ਹੋਰ ਪਹਿਲਕਦਮੀਆਂ ਕਾਫ਼ੀ ਮਹੱਤਵਪੂਰਨ ਹਨ, ਕਿਉਂਕਿ ਸਾਲ 2014 ਵਿੱਚ NAFED ਬੰਦ ਹੋਣ ਦੇ ਕੰਢੇ 'ਤੇ ਸੀ, ਪਰ ਅੱਜ ਸਰਕਾਰ ਦੇ ਯਤਨਾਂ ਦੇ ਕਾਰਨ ਨੇਫੇਡ 30 ਹਜ਼ਾਰ ਕਰੋੜ ਰੁਪਏ ਦੇ ਟਰਨਓਵਰ ਅਤੇ 500 ਕਰੋੜ ਰੁਪਏ ਦੇ ਮੁਨਾਫ਼ੇ ਨਾਲ 74 ਲੱਖ ਕਿਸਾਨਾਂ ਦੀ ਸੇਵਾ ਕਰ ਰਿਹਾ ਹੈ। ਬੀਤੇ ਵਰ੍ਹਿਆ ਵਿੱਚ ਸਰਕਾਰ ਨੇ ਦਾਲਾਂ, ਮੱਕੀ ਅਤੇ ਹੋਰ ਉਤਪਾਦਾਂ ਦੀ ਸਿੱਧੀ ਖਰੀਦ ਲਈ ਲੋੜੀਂਦਾ ਇਨਫ੍ਰਾਸਟ੍ਰਕਚਰ ਤਿਆਰ ਕਰ ਲਿਆ ਹੈ। ਸਰਕਾਰ ਨੇ ਨੇਫੇਡ ਅਤੇ ਐੱਨਸੀਸੀਐੱਫ ਨੂੰ ਨਿਰਦੇਸ਼ ਦਿੱਤੇ ਹਨ ਕਿ ਅਗਲੇ ਦੋ ਵਰ੍ਹਿਆਂ ਵਿੱਚ ਕਿਸਾਨਾਂ ਦੀਆਂ ਸਾਰੀਆਂ ਦਾਲਾਂ ਸਿੱਧੇ ਖਰੀਦਣ, ਵਿਚੋਲਿਆਂ ਦੇ ਪੂਰੇ ਸਿਸਟਮ ਨੂੰ ਖ਼ਤਮ ਕਰਕੇ ਕਿਸਾਨਾਂ ਦੇ ਖਾਤਿਆਂ ਵਿੱਚ ਉਨ੍ਹਾਂ ਦੇ ਪੈਸਿਆਂ ਦਾ ਭੁਗਤਾਨ ਯਕੀਨੀ ਬਣਾਉਣ। ਨੇਫੇਡ ਨੇ ਆਪਣੇ ਮੁਨਾਫ਼ੇ ਦਾ 1% ਕਿਸਾਨ ਪਰਿਵਾਰਾਂ ਦੇ ਬੱਚਿਆਂ ਦੀ ਉੱਚ ਸਿੱਖਿਆ ਅਤੇ ਕਰੀਅਰ ਦੇ ਵਿਕਾਸ ਲਈ ਸਕਾਲਰਸ਼ਿਪ ਦੇਣ ਦਾ ਫੈਸਲਾ ਕੀਤਾ ਹੈ।

## ਗ਼ੈਰ-ਘਰੇਲੂ ਪੈਕਡ ਐੱਲਪੀਜੀ ਦੀ ਸਪਲਾਈ ਆਮ , ਖੇਤਰਵਾਰ ਪਾਬੰਦੀਆਂ ਹਟੀਆਂ

ਕੇਂਦਰ ਸਰਕਾਰ ਨੇ ਉਦਯੋਗਾਂ ਅਤੇ ਵਪਾਰੀਆਂ ਨੂੰ ਰਾਹਤ ਦਿੰਦੇ ਹੋਏ, ਗ਼ੈਰ-ਘਰੇਲੂ ਕਮਰਸ਼ੀਅਲ ਐੱਲਪੀਜੀ ਦੀ ਸਪਲਾਈ ਨੂੰ ਪੱਛਮੀ ਏਸ਼ੀਆ ਸੰਕਟ ਤੋਂ ਪਹਿਲਾਂ ਵਾਲੇ ਪੱਧਰ 'ਤੇ ਬਹਾਲ ਕਰ ਦਿੱਤਾ ਹੈ। ਇਸ ਸ਼੍ਰੇਣੀ ਦੀ ਐੱਲਪੀਜੀ ਸਪਲਾਈ 'ਤੇ ਲਗਾਈਆਂ ਗਈਆਂ ਸਾਰੀਆਂ ਖੇਤਰੀ ਪਾਬੰਦੀਆਂ ਹਟਾ ਦਿੱਤੀਆਂ ਗਈਆਂ ਹਨ। ਨਾਲ ਹੀ, ਸੰਕਟ ਦੌਰਾਨ ਮੁਅੱਤਲ ਕੀਤੀ ਗਈ ਥੋਕ ਐੱਲਪੀਜੀ ਸਪਲਾਈ ਨੂੰ ਵੀ ਸੰਕਟ ਤੋਂ ਪਹਿਲਾਂ ਦੀ ਖਪਤ ਦੇ 50 ਪ੍ਰਤੀਸ਼ਤ ਤੱਕ ਬਹਾਲ ਕਰ ਦਿੱਤਾ ਗਿਆ ਹੈ। ਇਹ ਫੈਸਲਾ ਐੱਲਪੀਜੀ ਸਪਲਾਈ ਵਿੱਚ ਹੋਏ ਸੁਧਾਰ ਤੋਂ ਬਾਅਦ ਲਿਆ ਗਿਆ ਹੈ। ਐੱਲਪੀਜੀ ਉਤਪਾਦਨ ਅਤੇ ਆਯਾਤ ਕੀਤੇ ਕਾਰਗੋ ਦੀ ਬਿਹਤਰ ਉਪਲਬਧਤਾ ਨੂੰ ਦੇਖਦੇ ਹੋਏ ਐੱਲਪੀਜੀ ਪੂਲ ਵਿੱਚ C3-C4 ਸਟ੍ਰੀਮ ਦੇ ਪਰਿਵਰਤਨ ਨੂੰ ਘੱਟ ਕਰਨ ਦਾ ਫੈਸਲਾ ਕੀਤਾ ਗਿਆ ਹੈ। ਹਾਲਾਂਕਿ, ਇਹ ਯਕੀਨੀ ਬਣਾਇਆ ਜਾਵੇਗਾ ਕਿ ਘਰੇਲੂ ਐੱਲਪੀਜੀ ਦੀ ਉਪਲਬਧਤਾ ਪ੍ਰਭਾਵਿਤ ਨਾ ਹੋਵੇ ਅਤੇ ਕੁੱਲ ਉਤਪਾਦਨ ਰੋਜ਼ਾਨਾ ਘੱਟੋ-ਘੱਟ 40 ਟੀਐੱਮਟੀ ਬਣਿਆ ਰਹੇ। ਤੇਲ ਮਾਰਕੀਟਿੰਗ ਕੰਪਨੀਆਂ ਨੂੰ ਉਦਯੋਗਿਕ ਅਤੇ ਵਪਾਰਕ ਗਾਹਕਾਂ ਦਾ ਸਮੁੱਚਾ ਡੇਟਾ ਰੱਖਣ ਅਤੇ ਰਾਜਾਂ ਨੂੰ ਸੋਧੀ ਹੋਈ ਵਿਵਸਥਾ ਦਾ ਪ੍ਰਭਾਵਸ਼ਾਲੀ ਲਾਗੂਕਰਨ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਸਰਕਾਰ ਨੇ ਪੀਐੱਨਜੀ ਦੇ ਵਿਸਤਾਰ ਅਤੇ ਯੋਗ ਖਪਤਕਾਰਾਂ ਨੂੰ ਪੜਾਅਵਾਰ ਤਰੀਕੇ ਨਾਲ ਪੀਐੱਨਜੀ ਨਾਲ ਜੋੜਨ ਦੀ ਵਚਨਬੱਧਤਾ ਨੂੰ ਵੀ ਦੁਹਰਾਇਆ ਹੈ। ■

# ਭਾਰਤ ਵਿੱਚ ਮੈਡੀਕਲ ਸਿੱਖਿਆ ਤੋਂ ਲੈ ਕੇ ਪ੍ਰੈਕਟਿਸ ਕਰਨ ਵਾਲੀ ਪਹਿਲੀ ਮਹਿਲਾ

*ਨਾਰੀ ਸਸ਼ਕਤੀਕਰਣ ਦੀ ਵਿਲੱਖਣ ਪ੍ਰਤੀਕ, ਡਾ. ਕਾਦੰਬਿਨੀ ਗਾਂਗੁਲੀ ਕਲਕੱਤਾ ਯੂਨੀਵਰਸਿਟੀ ਵਿੱਚ ਦਾਖਲਾ ਲੈਣ ਵਾਲੀ ਪਹਿਲੀ ਮਹਿਲਾ ਸੀ। ਉਹ ਆਪਣੀ ਦ੍ਰਿੜ੍ਹ ਇੱਛਾ-ਸ਼ਕਤੀ, ਲਗਨ ਅਤੇ ਸਮਰਪਣ ਭਾਵਨਾ ਦੇ ਨਤੀਜੇ ਵਜੋਂ ਨਾ ਸਿਰਫ਼ ਭਾਰਤ, ਸਗੋਂ ਪੂਰੇ ਦੱਖਣੀ ਏਸ਼ੀਆ ਦੀ ਪਹਿਲੀ ਮਹਿਲਾ ਡਾਕਟਰ ਬਣੀ। ਇੰਨਾ ਹੀ ਨਹੀਂ, ਉਨ੍ਹਾਂ ਨੇ ਕੋਲੇ ਦੀਆਂ ਖਾਣਾਂ ਵਿੱਚ ਕੰਮ ਕਰਨ ਵਾਲੀਆਂ ਮਹਿਲਾਵਾਂ ਦੇ ਜੀਵਨ ਨੂੰ ਸੁਧਾਰਨ ਲਈ ਵੀ ਬਹੁਤ ਕੰਮ ਕੀਤਾ। ਸਫ਼ਲ ਡਾਕਟਰ, ਸੁਤੰਤਰਤਾ ਸੰਗ੍ਰਾਮ ਦੇ ਸੈਨਾਨੀ ਅਤੇ ਪ੍ਰਸਿੱਧ ਸਮਾਜ ਸੁਧਾਰਕ ਡਾ. ਕਾਦੰਬਿਨੀ ਗਾਂਗੁਲੀ ਉਲਟ ਹਾਲਾਤ ਵਿੱਚ ਅੱਗੇ ਵਧਣ ਦਾ ਜਜ਼ਬਾ ਰੱਖਣ ਵਾਲੀਆਂ ਕਰੋੜਾਂ ਮਹਿਲਾਵਾਂ ਲਈ ਹਨ ਇੱਕ ਆਦਰਸ਼ ਪ੍ਰੇਰਨਾ ਸਰੋਤ ...*



**ਜਨਮ : 18 ਜੁਲਾਈ, 1861, ਦੇਹਾਂਤ : 3 ਅਕਤੂਬਰ, 1923**

ਸੁਤੰਤਰਤਾ ਸੰਗ੍ਰਾਮ ਦੌਰਾਨ ਮਹਿਲਾ ਸਿੱਖਿਆ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੀ ਕਾਦੰਬਿਨੀ ਦਾ ਜਨਮ 18 ਜੁਲਾਈ 1861 ਨੂੰ ਭਾਗਲਪੁਰ ਵਿੱਚ ਹੋਇਆ ਸੀ। ਗਾਂਗੁਲੀ ਦਾ ਸਕੂਲ ਵਿੱਚ ਦਾਖਲਾ ਅਜਿਹੇ ਸਮੇਂ ਹੋਇਆ ਸੀ ਜਦੋਂ ਕੁੜੀਆਂ ਨੂੰ ਸਿੱਖਿਅਤ ਕਰਨ ਬਾਰੇ ਸੋਚਣਾ ਆਮ ਗੱਲ ਨਹੀਂ ਸੀ। ਇਸ ਮੌਕੇ ਦਾ ਉਨ੍ਹਾਂ ਨੇ ਭਰਪੂਰ ਲਾਭ ਚੁੱਕਿਆ ਅਤੇ 1883 ਵਿੱਚ ਉਹ ਬ੍ਰਿਟਿਸ਼ ਰਾਜ ਅਧੀਨ ਭਾਰਤ ਵਿੱਚ ਗ੍ਰੈਜੂਏਸ਼ਨ ਕਰਨ ਵਾਲੀ ਪਹਿਲੀ ਮਹਿਲਾ ਬਣੀ। ਕਾਦੰਬਿਨੀ ਨੇ ਭਾਰਤ ਵਿੱਚ ਮਹਿਲਾਵਾਂ ਨੂੰ ਘਰਾਂ ਤੋਂ ਬਾਹਰ ਨਿਕਲ ਕੇ ਨੌਕਰੀ ਕਰਨ ਅਤੇ ਆਤਮ-ਨਿਰਭਰ ਹੋਣ ਲਈ ਕਾਫ਼ੀ ਪ੍ਰੇਰਿਤ ਕੀਤਾ।

ਗ੍ਰੈਜੂਏਸ਼ਨ ਤੋਂ ਤੁਰੰਤ ਬਾਅਦ ਉਨ੍ਹਾਂ ਨੇ ਸਮਾਜਿਕ ਵਰਕਰਾਂ ਅਤੇ ਮਹਿਲਾ ਸਸ਼ਕਤੀਕਰਣ ਲਈ ਕੰਮ ਕਰਨ ਵਾਲੇ ਪ੍ਰੋਫ਼ੈਸਰ ਦਵਾਰਕਾਨਾਥ ਗਾਂਗੁਲੀ ਨਾਲ ਵਿਆਹ ਕਰ ਲਿਆ, ਜਿਨ੍ਹਾਂ ਨੇ ਉਨ੍ਹਾਂ ਨੂੰ ਮੈਡੀਕਲ ਦੀ ਡਿਗਰੀ ਲੈਣ ਲਈ ਉਤਸ਼ਾਹਿਤ ਕੀਤਾ। ਕਾਦੰਬਿਨੀ ਗਾਂਗੁਲੀ ਨੇ ਸਾਰੀਆਂ ਰੁਕਾਵਟਾਂ ਦੇ ਬਾਵਜੂਦ ਆਪਣੇ ਖੇਤਰਾਂ ਵਿੱਚ ਸ਼ਾਨਦਾਰ ਪ੍ਰਾਪਤੀ ਹਾਸਲ ਕੀਤੀ। ਸ਼ੁਰੂਆਤੀ ਅਸਫ਼ਲਤਾਵਾਂ ਤੋਂ ਬਾਅਦ ਆਖ਼ਰਕਾਰ ਉਨ੍ਹਾਂ ਨੇ ਕਲਕੱਤਾ ਮੈਡੀਕਲ ਕਾਲਜ ਵਿੱਚ ਦਾਖਲਾ ਲਿਆ ਅਤੇ ਸਾਲ 1886 ਵਿੱਚ ਇੱਕ ਵਾਰ ਫਿਰ ਇਤਿਹਾਸ ਰਚਿਆ।

ਉਨ੍ਹਾਂ ਨੇ ਗ੍ਰੈਜੂਏਟ ਦੀ ਡਿਗਰੀ ਪ੍ਰਾਪਤ ਕੀਤੀ ਅਤੇ ਭਾਰਤ ਵਿੱਚ ਸਿੱਖਿਅਤ ਡਾਕਟਰ ਬਣਨ ਵਾਲੀ ਪਹਿਲੀ ਮਹਿਲਾ ਬਣ ਗਈ। ਇਸ ਤੋਂ ਬਾਅਦ ਉਹ ਵਿਦੇਸ਼ ਗਏ। ਗਲਾਸਗੋ ਅਤੇ ਐਡਿਨਬਰਗ ਯੂਨੀਵਰਸਿਟੀਆਂ ਤੋਂ ਡਾਕਟਰੀ ਦੀਆਂ ਉੱਚ ਡਿਗਰੀਆਂ ਹਾਸਲ ਕੀਤੀਆਂ। ਉਨ੍ਹਾਂ ਨੇ ਬ੍ਰਿਟੇਨ ਵਿੱਚ ਕੰਮ ਅਤੇ ਅਧਿਐਨ ਕਰਦੇ ਹੋਏ ਇਸਤਰੀ ਰੋਗ ਵਿੱਚ ਮੁਹਾਰਤ ਹਾਸਲ ਕੀਤੀ। ਨਾਲ ਹੀ, ਉਨ੍ਹਾਂ ਨੇ ਤਿੰਨ ਐਡੀਸ਼ਨਲ ਸਰਟੀਫਿਕੇਟ ਵੀ ਹਾਸਲ ਕੀਤੇ। ਇਸ ਤੋਂ ਬਾਅਦ 1890 ਦੇ ਦਹਾਕੇ ਵਿੱਚ ਉਹ ਭਾਰਤ ਵਾਪਸ ਆਏ ਅਤੇ ਨਿਜੀ ਤੌਰ 'ਤੇ ਪ੍ਰੈਕਟਿਸ ਕਰਨ ਲੱਗੇ।

ਕਾਦੰਬਿਨੀ ਗਾਂਗੁਲੀ ਮੈਡੀਕਲ ਸੇਵਾ ਦੇ ਨਾਲ-ਨਾਲ ਔਰਤਾਂ ਦੇ ਅਧਿਕਾਰਾਂ ਦੀ ਮੰਗ ਨੂੰ ਲੈ ਕੇ ਵੀ ਸਰਗਰਮ ਰਹੀ। ਉਨ੍ਹਾਂ ਨੇ ਛੇ ਹੋਰ ਲੋਕਾਂ ਨਾਲ ਮਿਲ ਕੇ 1889 ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦਾ ਪਹਿਲਾ ਮਹਿਲਾ ਪ੍ਰਤੀਨਿਧੀਮੰਡਲ ਬਣਾਇਆ ਸੀ। ਉਨ੍ਹਾਂ ਨੇ ਭਾਰਤ ਦੇ ਸੁਤੰਤਰਤਾ ਅੰਦੋਲਨ ਵਿੱਚ ਸਰਗਰਮ ਰੂਪ ਵਿੱਚ ਹਿੱਸਾ ਲਿਆ। ਉਨ੍ਹਾਂ ਵਿੱਚ ਦੇਸ਼ ਭਗਤੀ ਦੀ ਭਾਵਨਾ ਜਗਾਉਣ ਵਿੱਚ ਬੰਕਿਮ ਚੰਦਰ ਚੱਟੋਪਾਧਿਆਏ ਦੀਆਂ ਰਚਨਾਵਾਂ ਦੀ ਅਹਿਮ ਭੂਮਿਕਾ ਰਹੀ। ਇੱਕ ਡਾਕਟਰ ਅਤੇ ਅੱਠ ਬੱਚਿਆਂ ਦੀ ਮਾਂ ਦੇ ਰੂਪ ਵਿੱਚ ਕਾਦੰਬਿਨੀ ਦਾ ਵਿਅਸਤ ਜੀਵਨ ਵੀ ਉਨ੍ਹਾਂ ਨੂੰ ਭਾਰਤ ਦੇ ਮਹਿਲਾ ਅਧਿਕਾਰ ਅੰਦੋਲਨ ਵਿੱਚ ਆਪਣੀ ਭੂਮਿਕਾ ਨਿਭਾਉਣ ਤੋਂ ਰੋਕ ਨਹੀਂ ਸਕਿਆ।

ਕਾਦੰਬਿਨੀ ਹਮੇਸ਼ਾ ਮਹਿਲਾਵਾਂ ਦੀ ਆਜ਼ਾਦੀ 'ਤੇ ਉਸ ਸਮੇਂ ਜ਼ੋਰ ਦਿੰਦੀ ਰਹੀ ਜਦੋਂ ਸਮਾਜ ਵਿੱਚ ਬਾਲ ਵਿਆਹ ਅਤੇ ਸਤੀ ਪ੍ਰਥਾ ਵਰਗੀਆਂ ਕੁਰੀਤੀਆਂ ਮੌਜੂਦ ਸਨ। ਉਨ੍ਹਾਂ ਨੇ ਸਮਾਜ ਸੁਧਾਰ ਅੰਦੋਲਨਾਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਉਹ ਕਈ ਹੋਰ ਅੰਦੋਲਨਾਂ ਵਿੱਚ ਵੀ ਕਾਫ਼ੀ ਸਰਗਰਮ ਰਹੀ। ਉਨ੍ਹਾਂ ਨੇ ਕੋਲੇ ਦੀਆਂ ਖਾਣਾਂ ਵਿੱਚ ਕੰਮ ਕਰਨ ਵਾਲੀਆਂ ਮਹਿਲਾ ਮਜ਼ਦੂਰਾਂ ਲਈ ਕੰਮ ਕੀਤਾ। 1898 ਵਿੱਚ ਪਤੀ ਦੀ ਮੌਤ ਤੋਂ ਬਾਅਦ ਉਨ੍ਹਾਂ ਨੇ ਆਪਣੇ ਆਖਰੀ ਸਮੇਂ ਤੱਕ ਕੋਲਕਾਤਾ ਵਿੱਚ ਇੱਕ ਡਾਕਟਰ ਵਜੋਂ ਕੰਮ ਕੀਤਾ। 3 ਅਕਤੂਬਰ 1923 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ। ■



# 'ਪ੍ਰਗਤੀ' ਊਰਜਾ, ਉਦਯੋਗ ਅਤੇ ਆਵਾਜਾਈ ਨੂੰ ਮਿਲੀ ਗਤੀ

*ਬੁਨਿਆਦੀ ਢਾਂਚੇ ਵਿੱਚ ਤੇਜ਼ੀ, ਤਕਨਾਲੋਜੀ ਰਾਹੀਂ ਲੋਕ-ਭਲਾਈ ਅਤੇ ਸੁਰੱਖਿਅਤ ਡਿਜੀਟਲ ਭਾਰਤ ਦੇ ਸੰਕਲਪ ਦੇ ਨਾਲ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 'ਪ੍ਰਗਤੀ' ਦੀ 52ਵੀਂ ਮੀਟਿੰਗ ਦੀ ਪ੍ਰਧਾਨਗੀ ਕੀਤੀ। ਮੀਟਿੰਗ ਵਿੱਚ 30 ਹਜ਼ਾਰ ਕਰੋੜ ਰੁਪਏ ਦੇ ਚਾਰ ਵੱਡੇ ਪ੍ਰੋਜੈਕਟਾਂ ਦੀ ਸਮੀਖਿਆ ਕੀਤੀ ਗਈ। ਹੁਣ ਤੱਕ ਪ੍ਰਗਤੀ ਮੰਚ 'ਤੇ 85 ਲੱਖ ਕਰੋੜ ਰੁਪਏ ਤੋਂ ਵੱਧ ਦੇ ਪ੍ਰੋਜੈਕਟਾਂ ਦੀ ਸਮੀਖਿਆ ਕੀਤੀ ਜਾ ਚੁੱਕੀ ਹੈ। ਮੀਟਿੰਗ ਵਿੱਚ ਪੀਐੱਮ ਗਤੀਸ਼ਕਤੀ ਪੋਰਟਲ ਨੂੰ ਅਪਡੇਟ ਰੱਖਣ, ਸਿਹਤ ਖੇਤਰ ਵਿੱਚ ਏਆਈ (AI) ਦੀ ਵਰਤੋਂ ਅਤੇ ਸਾਈਬਰ ਠੱਗੀ ਖ਼ਿਲਾਫ਼ 'ਈ-ਜ਼ੀਰੋ ਐੱਫਆਈਆਰ' ਪ੍ਰਣਾਲੀ ਲਾਗੂ ਕਰਨ 'ਤੇ ਦਿੱਤਾ ਗਿਆ ਵਿਸ਼ੇਸ਼ ਜ਼ੋਰ....*

ਮੀਟਿੰਗ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਚਾਰ ਵੱਖ-ਵੱਖ ਰਾਜਾਂ ਵਿੱਚ ਫੈਲੇ ਚਾਰ ਮਹੱਤਵਪੂਰਨ ਬੁਨਿਆਦੀ ਢਾਂਚਾਗਤ ਪ੍ਰੋਜੈਕਟਾਂ ਦਾ ਮੁਲਾਂਕਣ ਕੀਤਾ। ਲਗਭਗ 30 ਹਜ਼ਾਰ ਕਰੋੜ ਰੁਪਏ ਦੀ ਸਾਂਝੀ ਲਾਗਤ ਵਾਲੇ ਇਹ ਪ੍ਰੋਜੈਕਟ ਸੜਕ, ਬਿਜਲੀ, ਉਦਯੋਗਿਕ ਕੌਰੀਡੋਰ ਅਤੇ ਮੈਟਰੋ ਰੇਲ ਵਰਗੇ ਖੇਤਰਾਂ ਨਾਲ ਸਬੰਧਿਤ ਹਨ। ਆਰਥਿਕ ਵਿਕਾਸ, ਖੇਤਰੀ ਸੰਪਰਕ , ਉਦਯੋਗਿਕ ਪ੍ਰਗਤੀ ਅਤੇ ਜਨਤਕ ਭਲਾਈ ਦੇ ਨਜ਼ਰੀਏ ਤੋਂ ਇਨ੍ਹਾਂ ਪ੍ਰੋਜੈਕਟਾਂ ਨੂੰ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਸਮੀਖਿਆ ਦੌਰਾਨ ਏਜੰਸੀਆਂ ਵਿਚਕਾਰ ਬਿਹਤਰ ਤਾਲਮੇਲ, ਸਮੇਂ-ਸੀਮਾ ਦੀ ਪਾਲਣਾ ਅਤੇ ਜ਼ਮੀਨੀ ਪੱਧਰ 'ਤੇ ਆ ਰਹੀਆਂ ਸਮੱਸਿਆਵਾਂ ਦੇ ਤੁਰੰਤ ਨਿਪਟਾਰੇ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ।

ਪੀਐੱਮ ਮੋਦੀ ਨੇ ਕਿਹਾ ਕਿ ਪ੍ਰੋਜੈਕਟਾਂ ਵਿੱਚ ਹੋਣ ਵਾਲੀ ਦੇਰੀ ਨਾ ਸਿਰਫ਼ ਉਨ੍ਹਾਂ ਦੀ ਨਿਰਮਾਣ ਲਾਗਤ ਨੂੰ ਵਧਾ ਦਿੰਦੀ ਹੈ, ਸਗੋਂ ਦੇਸ਼ ਦੀ ਜਨਤਾ ਅਤੇ ਉਦਯੋਗਾਂ ਨੂੰ ਸਮੇਂ ਸਿਰ ਮਿਲਣ ਵਾਲੇ ਲਾਭਾਂ ਤੋਂ ਵੀ ਵਾਂਝਾ ਕਰ ਦਿੰਦੀ ਹੈ। ਇਸ ਸਥਿਤੀ ਨਾਲ ਨਜਿੱਠਣ ਲਈ ਉਨ੍ਹਾਂ ਨੇ ਸਬੰਧਿਤ ਕੇਂਦਰੀ ਮੰਤਰਾਲਿਆਂ ਅਤੇ ਰਾਜ ਸਰਕਾਰਾਂ ਨੂੰ ਸਪਸ਼ਟ ਨਿਰਦੇਸ਼ ਦਿੱਤੇ ਕਿ ਉਹ ਸਾਰੇ ਲੰਬਿਤ ਮੁੱਦਿਆਂ ਦਾ 'ਮਿਸ਼ਨ ਮੋਡ' ਵਿੱਚ ਹੱਲ ਕਰਨ।

**ਪੀਐੱਮ ਗਤੀਸ਼ਕਤੀ ਰਾਸ਼ਟਰੀ ਮਾਸਟਰ ਪਲਾਨ ਦਾ ਪ੍ਰਭਾਵਸ਼ਾਲੀ ਉਪਯੋਗ**

ਪ੍ਰਧਾਨ ਮੰਤਰੀ ਨੇ 'ਪੀਐੱਮ ਗਤੀਸ਼ਕਤੀ ਰਾਸ਼ਟਰੀ ਮਾਸਟਰ ਪਲਾਨ' ਦੀ ਵਰਤੋਂ 'ਤੇ ਵਿਸ਼ੇਸ਼ ਜ਼ੋਰ ਦਿੱਤਾ। ਉਨ੍ਹਾਂ ਨੇ ਪ੍ਰੋਜੈਕਟਾਂ ਦੇ ਵੇਰਵਿਆਂ, ਉਪਯੋਗਤਾਵਾਂ, ਬੁਨਿਆਦੀ ਢਾਂਚੇ ਦੀਆਂ ਪਰਤਾਂ, ਮਨਜ਼ੂਰੀਆਂ ਅਤੇ ਹੋਰ ਖੇਤਰੀ ਜਾਣਕਾਰੀਆਂ ਨੂੰ ਪੋਰਟਲ 'ਤੇ ਨਿਯਮਿਤ ਅਤੇ ਸਮੇਂ ਸਿਰ ਅਪਡੇਟ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

**ਟੀਬੀ ਮੁਕਤ ਭਾਰਤ ਮੁਹਿੰਮ ਵਿੱਚ ਏਆਈ ਤਕਨੀਕ**

ਸਿਹਤ ਖੇਤਰ ਵਿੱਚ ਇੱਕ ਵੱਡਾ ਕਦਮ ਚੁੱਕਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ 'ਟੀਬੀ ਮੁਕਤ ਭਾਰਤ ਮੁਹਿੰਮ' ਦੀ ਮੌਜੂਦਾ ਸਥਿਤੀ ਦੀ ਸਮੀਖਿਆ ਕੀਤੀ। ਇਸ ਬਿਮਾਰੀ ਦੇ ਖਾਤਮੇ ਲਈ ਆਰਟੀਫਿਸ਼ੀਅਲ ਇੰਟੈਲੀਜੈਂਸ ਸਮੇਤ ਨਵੀਨਤਮ ਡਿਜੀਟਲ ਤਕਨੀਕਾਂ ਦੀ ਵਰਤੋਂ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਐੱਨਸੀਸੀ ਕੈਡੇਟਾਂ ਅਤੇ 'ਮਾਈ ਭਾਰਤ' ਵਲੰਟੀਅਰਾਂ ਦੀ ਇੱਕ ਵਿਸ਼ੇਸ਼ ਟੀਮ ਗਠਿਤ ਕਰਨ ਦਾ ਸੁਝਾਅ ਵੀ ਦਿੱਤਾ ਗਿਆ ਹੈ।

**ਸਾਈਬਰ ਅਪਰਾਧ ਖ਼ਿਲਾਫ਼ ਸਖ਼ਤ ਰੁਖ**

ਮੌਜੂਦਾ ਚੁਣੌਤੀਆਂ ਨੂੰ ਦੇਖਦੇ ਹੋਏ ਸਾਈਬਰ ਅਪਰਾਧ ਅਤੇ 'ਡਿਜੀਟਲ ਗ੍ਰਿਫਤਾਰੀ' ਨਾਲ ਸਬੰਧਿਤ ਸ਼ਿਕਾਇਤਾਂ ਦੀ ਵੀ ਗੰਭੀਰਤਾ ਨਾਲ ਸਮੀਖਿਆ ਕੀਤੀ ਗਈ। ਡਿਜੀਟਲ ਪਲੈਟਫਾਰਮਾਂ ਦੀ ਵਧ ਰਹੀ ਦੁਰਵਰਤੋਂ 'ਤੇ ਡੂੰਘੀ ਚਿੰਤਾ ਪ੍ਰਗਟਾਈ ਗਈ। ਉਨ੍ਹਾਂ ਨੇ ਕਿਹਾ ਕਿ ਅਜਿਹੇ ਸੰਵੇਦਨਸ਼ੀਲ ਮਾਮਲਿਆਂ ਵਿੱਚ ਸਾਰੀਆਂ ਸਬੰਧਿਤ ਸੁਰੱਖਿਆ ਅਤੇ ਪ੍ਰਸ਼ਾਸਨਿਕ ਏਜੰਸੀਆਂ ਵੱਲੋਂ ਤਾਲਮੇਲ, ਸੰਵੇਦਨਸ਼ੀਲ ਅਤੇ ਸਮਾਂਬੱਧ ਤਰੀਕੇ ਨਾਲ ਨਿਪਟਾਰਾ ਕੀਤਾ ਜਾਣਾ ਚਾਹੀਦਾ ਹੈ।

ਸਾਈਬਰ ਧੋਖਾਧੜੀ 'ਤੇ ਲਗਾਮ ਕਸਣ ਲਈ ਸਪਸ਼ਟ ਜਵਾਬਦੇਹੀ, ਤੁਰੰਤ ਪ੍ਰਤੀਕਿਰਿਆ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ, ਬੈਂਕਾਂ ਅਤੇ ਡਿਜੀਟਲ ਪਲੈਟਫਾਰਮਾਂ ਵਿਚਕਾਰ ਇੱਕ ਮਜ਼ਬੂਤ ਤਾਲਮੇਲ ਪ੍ਰਣਾਲੀ ਸਥਾਪਿਤ ਕਰਨ ਦੀ ਗੱਲ ਕਹੀ ਗਈ ਹੈ। ਸਾਰੇ ਰਾਜਾਂ ਨੂੰ ਨਿਰਦੇਸ਼ ਦਿੱਤਾ ਕਿ ਉਹ ਸਾਈਬਰ ਵਿੱਤੀ ਧੋਖਾਧੜੀ ਦੇ ਮਾਮਲਿਆਂ ਵਿੱਚ ਤੁਰੰਤ ਰਜਿਸਟ੍ਰੇਸ਼ਨ ਅਤੇ ਪ੍ਰਤੀਕਿਰਿਆ ਯਕੀਨੀ ਬਣਾਉਣ ਲਈ 'ਈ-ਜ਼ੀਰੋ ਐੱਫਆਈਆਰ' ਵਿਵਸਥਾ ਨੂੰ ਲਾਜ਼ਮੀ ਤੌਰ 'ਤੇ ਲਾਗੂ ਕਰਨ ਦੀ ਦਿਸ਼ਾ ਵਿੱਚ ਤੇਜ਼ੀ ਨਾਲ ਕੰਮ ਕਰਨ।




# ਨੇਸ਼ਨ ਫਸਟ

## ਭਾਰਤ ਦਾ ਸਭ ਤੋਂ ਵੱਡਾ ਮੰਤਰ

*ਭਾਰਤ ਨਾ ਸਿਰਫ਼ ਤੇਜ਼ੀ ਨਾਲ ਵਧਦੀ ਸਗੋਂ ਇੱਕ ਭਰੋਸੇਮੰਦ ਅਰਥਵਿਵਸਥਾ ਵੀ ਹੈ। ਕੇਂਦਰ ਸਰਕਾਰ ਦੀਆਂ ਨੀਤੀਆਂ ਦੇ ਕਾਰਨ ਭਾਰਤ ਵਿੱਚ ਨਿਵੇਸ਼ਕਾਂ ਦਾ ਭਰੋਸਾ ਮਜ਼ਬੂਤ ਹੋਇਆ ਹੈ, ਜਿਸ ਦਾ ਵੱਡੇ ਪੱਧਰ 'ਤੇ ਸਕਾਰਾਤਮਕ ਅਸਰ ਦਿਖ ਰਿਹਾ ਹੈ। ਅਜਿਹੇ ਦੌਰ ਵਿੱਚ ਰੀਪਬਲਿਕ ਸਮਿਟ- 2026 ਵਿੱਚ 'ਗ੍ਰੇਟ ਪਾਵਰ ਇੰਡੀਆ : ਨੇਸ਼ਨ ਫਸਟ' ਵਿਸ਼ੇ ਬਾਰੇ ਚਰਚਾ ਆਯੋਜਿਤ ਕੀਤੀ ਗਈ, ਜਿਸ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੀਤਾ ਸੰਬੋਧਨ...*

ਰਾਸ਼ਟਰ ਸਭ ਤੋਂ ਉੱਪਰ ਦੀ ਭਾਵਨਾ ਹੀ ਪਿਛਲੇ ਇੱਕ ਦਹਾਕੇ ਵਿੱਚ ਭਾਰਤ ਦੀਆਂ ਪ੍ਰਾਪਤੀਆਂ ਅਤੇ ਭਰੋਸੇਮੰਦ ਸ਼ਕਤੀ ਦੇ ਰੂਪ ਵਿੱਚ ਉਭਰਨ ਦਾ ਮੁੱਖ ਅਧਾਰ ਰਹੀ ਹੈ। ਭਾਰਤ ਦਾ ਉਭਾਰ ਭਰੋਸੇ, ਸਥਿਰਤਾ ਅਤੇ ਵਿਆਪਕ ਆਲਮੀ ਭਲਾਈ 'ਤੇ ਟਿਕਿਆ ਹੋਇਆ ਹੈ। ਇਹੀ ਕਾਰਨ ਹੈ ਕਿ ਭਾਰਤ ਨਾ ਸਿਰਫ਼ ਤੇਜ਼ੀ ਨਾਲ ਵਧਦੀ ਹੋਈ ਅਰਥਵਿਵਸਥਾ ਦੇ ਰੂਪ ਵਿੱਚ ਉਭਰ ਰਿਹਾ ਹੈ ਸਗੋਂ ਇੱਕ ਭਰੋਸੇਮੰਦ ਸਾਂਝੇਦਾਰ ਦੇ ਤੌਰ 'ਤੇ ਵੀ ਸਾਹਮਣੇ ਆਇਆ ਹੈ।

ਜੀ-7 ਸਮਿਟ ਵਿੱਚ ਆਪਣੀ ਭਾਗੀਦਾਰੀ ਨੂੰ ਯਾਦ ਕਰਦੇ ਹੋਏ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਦੁਨੀਆ ਭਰ ਦੇ ਨੇਤਾ 'ਰਾਸ਼ਟਰ ਪਹਿਲਾਂ' ਦੇ ਸਿਧਾਂਤ ਦੇ ਪ੍ਰਤੀ ਭਾਰਤ ਦੀ ਵਚਨਬੱਧਤਾ ਨੂੰ ਮੰਨਦੇ ਹਨ। ਸਰਕਾਰ ਦੇ 12 ਵਰ੍ਹਿਆਂ ਦੇ ਕੰਮਕਾਜ 'ਤੇ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਵੱਛ

## ਟੈਕਸ-ਮੁਕਤ ਆਮਦਨ ਦੀ ਸੀਮਾ ਵਧਾਈ ਗਈ

ਮੱਧ ਵਰਗ ਨੂੰ ਫਾਇਦਾ ਪਹੁੰਚਾਉਣ ਦੇ ਮਕਸਦ ਨਾਲ ਆਰਥਿਕ ਸੁਧਾਰ ਕੀਤੇ ਗਏ। ਇਸੇ ਕੜੀ ਵਿੱਚ ਟੈਕਸ-ਮੁਕਤ ਆਮਦਨ ਦੀ ਸੀਮਾ ਵਧੀ ਹੈ। ਲੋਕਾਂ ਦੀ ਖਰਚ ਕਰਨ ਲਾਇਕ ਆਮਦਨ ਵਿੱਚ ਵਾਧਾ ਹੋਇਆ ਹੈ। ਤਕਨੀਕ ਅਧਾਰਿਤ ਔਨਲਾਈਨ ਫਾਇਲਿੰਗ ਵਿਵਸਥਾ ਅਤੇ ਫੇਸਲੈੱਸ ਮਕੈਨਿਜ਼ਮ ਵਰਗੇ ਸੁਧਾਰਾਂ ਰਾਹੀਂ ਟੈਕਸ ਵਿਵਸਥਾ ਨੂੰ ਅਸਾਨ ਬਣਾਇਆ ਗਿਆ ਹੈ।

## ਵਿਕਾਸ ਯਾਤਰਾ ਨੇ ਵਧਾਈ ਉਮੀਦ

ਭਾਰਤ ਦੀ ਵਿਕਾਸ ਯਾਤਰਾ ਨੇ ਵਧਦੀਆਂ ਉਮੀਦਾਂ ਦਾ ਮਾਹੌਲ ਬਣਾਇਆ ਹੈ, ਜਿਸ ਵਿੱਚ ਲੋਕ ਬਿਹਤਰ ਇਨਫ੍ਰਾਸਟ੍ਰਕਚਰ, ਤੁਰੰਤ ਸੇਵਾਵਾਂ ਅਤੇ ਜੀਵਨ ਦਾ ਬਿਹਤਰ ਪੱਧਰ ਚਾਹੁੰਦੇ ਹਨ। ਇਹ ਉਮੀਦਾਂ ਦੇਸ਼ ਦੇ ਭਵਿੱਖ ਵਿੱਚ ਭਰੋਸੇ ਦੇ ਸਕਾਰਾਤਮਕ ਸੰਕੇਤ ਹਨ ਅਤੇ ਨਾਗਰਿਕਾਂ ਦਾ ਇਹ ਭਰੋਸਾ ਦਰਸਾਉਂਦਾ ਹੈ ਕਿ ਤਰੱਕੀ ਮੁਮਕਿਨ ਹੈ।

> *ਜੀਐੱਸਟੀ ਰਿਫੌਰਮ ਦੇ ਕਾਰਨ ਵੀ ਮਿਡਲ ਕਲਾਸ ਨੂੰ ਬਹੁਤ ਸਹੂਲਤ ਹੋਈ ਹੈ। ਟੈਕਸ ਫਾਈਲਿੰਗ ਦਾ ਸਮਾਂ ਤੇ ਖਰਚਾ ਵੀ ਬਚ ਗਿਆ ਹੈ, ਕਿਉਂਕਿ ਇਹ ਬਹੁਤ ਹੀ ਅਸਾਨ ਹੋ ਗਿਆ ਹੈ। ਘਰ ਬੈਠੇ ਹੀ ਆਈਟੀਆਰ ਫਾਈਲ ਹੋ ਰਹੀਆਂ ਹਨ, ਜੇਕਰ ਕੋਈ ਸੈਟਲਮੈਂਟ ਦੀ ਸਮੱਸਿਆ ਹੈ, ਤਾਂ ਉਹ ਫੇਸਲੈੱਸ ਹੋ ਰਿਹਾ ਹੈ।*
>
> **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



## ਨਵੇਂ ਮੌਕਿਆਂ ਦਾ ਲਾਭ

ਤੇਜ਼ੀ ਨਾਲ ਬਦਲਦੇ ਆਲਮੀ ਮਾਹੌਲ ਵਿੱਚ ਨਵੇਂ ਮੌਕਿਆਂ ਦਾ ਲਾਭ ਲੈਣ ਵਿੱਚ ਭਾਰਤ ਦੇ ਨੌਜਵਾਨ, ਉੱਦਮੀ, ਇਨੋਵੇਟਰ ਅਤੇ ਸਟਾਰਟਅੱਪ ਸਭ ਤੋਂ ਅੱਗੇ ਹਨ। 'ਰਾਸ਼ਟਰ ਪਹਿਲਾਂ' ਦੇ ਸਿਧਾਂਤ 'ਤੇ ਚੱਲਦੇ ਹੋਏ ਸੁਧਾਰ, ਨਵੀਨਤਾ ਅਤੇ ਨਾਗਰਿਕਾਂ 'ਤੇ ਕੇਂਦ੍ਰਿਤ ਸ਼ਾਸਨ ਦੇ ਲਈ ਸਰਕਾਰ ਵਚਨਬੱਧ ਹੈ।

ਭਾਰਤ, ਮੇਕ ਇਨ ਇੰਡੀਆ, ਖਾਦੀ ਨੂੰ ਉਤਸ਼ਾਹਿਤ ਕਰਨਾ ਅਤੇ ਸਥਾਨਕ ਉਤਪਾਦਾਂ ਦੇ ਅਭਿਆਨ ਵਰਗੀਆਂ ਵੱਡੀਆਂ ਰਾਸ਼ਟਰੀ ਪਹਿਲਕਦਮੀਆਂ ਇਸ ਲਈ ਸਫਲ ਹੋਈਆਂ ਕਿਉਂਕਿ ਨਾਗਰਿਕਾਂ ਨੇ 'ਰਾਸ਼ਟਰ ਪਹਿਲਾਂ' ਦੀ ਭਾਵਨਾ ਨੂੰ ਅਪਣਾਇਆ। ਜੋ ਇਲਾਕੇ ਕਦੇ ਹਿੰਸਾ ਅਤੇ ਪਛੜੇਪਣ ਨਾਲ ਜੂਝ ਰਹੇ ਸਨ, ਉੱਥੇ ਹੁਣ ਵਿਕਾਸ ਦੇ ਕੰਮ ਹੋ ਰਹੇ ਹਨ। 'ਬਸਤਰ ਓਲੰਪਿਕ' ਦੀ ਵਧਦੀ ਸਫ਼ਲਤਾ ਇਸ ਗੱਲ ਦਾ ਸਬੂਤ ਹੈ ਕਿ ਇਸ ਇਲਾਕੇ ਵਿੱਚ ਕਦੇ ਜੋ ਡਰ ਅਤੇ ਅਨਿਸ਼ਚਿਤਤਾ ਸੀ, ਉਸ ਦੀ ਥਾਂ ਹੁਣ ਨੌਜਵਾਨਾਂ ਦੀਆਂ ਉਮੀਦਾਂ ਅਤੇ ਹੁਨਰ ਨੇ ਲੈ ਲਈ ਹੈ।

ਦੇਸ਼ ਨਿਰਾਸ਼ਾ ਦੇ ਦੌਰ ਤੋਂ ਨਿਕਲ ਕੇ ਆਤਵ-ਵਿਸ਼ਵਾਸ ਅਤੇ ਮੌਕਿਆਂ ਦੇ ਦੌਰ ਵਿੱਚ ਆ ਗਿਆ ਹੈ। 'ਤਬਦੀਲੀ ਮੁਮਕਿਨ ਹੈ' ਦਾ ਭਰੋਸਾ ਭਾਰਤ ਦੀਆਂ ਸਭ ਤੋਂ ਵੱਡੀਆਂ ਤਾਕਤਾਂ ਵਿੱਚੋਂ ਇੱਕ ਬਣ ਗਿਆ ਹੈ। ਅਭਿਲਾਸ਼ੀ ਜ਼ਿਲ੍ਹੇ ਅਤੇ ਅਭਿਲਾਸ਼ੀ ਬਲਾਕ ਪ੍ਰੋਗਰਾਮਾਂ ਨੇ ਦੇਸ਼ ਦੇ ਕੁਝ ਸਭ ਤੋਂ ਪਛੜੇ ਇਲਾਕਿਆਂ ਨੂੰ ਵਿਕਾਸ ਦਾ ਇੰਜਣ ਬਣਾ ਦਿੱਤਾ ਹੈ। ਇਨ੍ਹਾਂ ਕੋਸ਼ਿਸ਼ਾਂ ਨੇ ਲੱਖਾਂ ਨਾਗਰਿਕਾਂ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਵਿਕਾਸ ਦਾ ਲਾਭ ਸਿਰਫ਼ ਉਨ੍ਹਾਂ ਲੋਕਾਂ ਤੱਕ ਹੀ ਸੀਮਤ ਨਹੀਂ ਰਹਿੰਦਾ, ਜਿਨ੍ਹਾਂ ਨੂੰ ਸਿੱਧੇ ਲਾਭ ਮਿਲਦਾ ਹੈ, ਸਗੋਂ ਇਸ ਨਾਲ ਪੂਰੇ ਸਮਾਜ ਦੀ ਖੁਸ਼ਹਾਲੀ ਵਿੱਚ ਵੀ ਯੋਗਦਾਨ ਮਿਲਦਾ ਹੈ। ਹਾਲ ਹੀ ਦੇ ਵਰ੍ਹਿਆਂ ਵਿੱਚ ਲਗਭਗ 25 ਕਰੋੜ ਲੋਕਾਂ ਦੇ ਗ਼ਰੀਬੀ ਤੋਂ ਬਾਹਰ ਨਿਕਲਣ ਅਤੇ ਇੱਕ ਵੱਡੇ ਮੱਧ ਵਰਗ ਦੇ ਉਭਰਨ ਨਾਲ ਆਰਥਿਕ ਗਤੀਵਿਧੀਆਂ ਨੂੰ ਮਜ਼ਬੂਤੀ ਮਿਲੀ ਹੈ।

ਕੇਂਦਰ ਸਰਕਾਰ ਤਬਦੀਲੀ ਦੇ ਸਫ਼ਰ ਵਿੱਚ ਲੋਕਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ। ਦੇਸ਼ ਤੇਜ਼ੀ ਨਾਲ ਵਿਕਾਸ ਦੇ ਰਾਹ 'ਤੇ ਅੱਗੇ ਵਧ ਰਿਹਾ ਹੈ। ਇਹ ਗਤੀ ਆਉਣ ਵਾਲੇ ਸਮੇਂ ਵਿੱਚ ਹੋਰ ਮਜ਼ਬੂਤ ਹੁੰਦੀ ਜਾਵੇਗੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਭਰੋਸਾ ਪ੍ਰਗਟਾਇਆ ਕਿ 140 ਕਰੋੜ ਭਾਰਤੀਆਂ ਦੇ ਸਮੂਹਿਕ ਯਤਨਾਂ ਅਤੇ ਖਾਹਿਸ਼ਾਂ ਨਾਲ 'ਵਿਕਸਿਤ ਭਾਰਤ' ਦਾ ਸੁਪਨਾ ਸਾਕਾਰ ਹੋਵੇਗਾ। ▪


ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

# ਯੁਵਾ ਸ਼ਕਤੀ

ਨਵੀਂ ਰਾਸ਼ਟਰੀ ਸਿੱਖਿਆ ਨੀਤੀ ਦੇ 6 ਵਰ੍ਹੇ

## ਵਿਕਸਿਤ ਭਾਰਤ ਦਾ ਅਧਾਰ





**श्रियः प्रदुग्धे विपदो रुणद्धि, यशांसि सूते मलिनं प्रमार्ष्टि।**
**संस्कारशौचेन परं पुनीते, शुद्धा हि बुद्धिः किल कामधेनुः॥**

ਭਾਵ, ਸਿੱਖਿਆ ਸਿਰਫ਼ ਰੋਜ਼ੀ ਰੋਟੀ ਦਾ ਸਾਧਨ ਨਹੀਂ, ਸਗੋਂ ਜੀਵਨ ਨੂੰ ਸ਼੍ਰੇਸ਼ਠ ਬਣਾਉਣ ਦਾ ਮਜ਼ਬੂਤ ਜ਼ਰੀਆ ਵੀ ਹੈ। ਇਹੀ ਉਹ ਅਨਮੋਲ ਪੂੰਜੀ ਹੈ, ਜਿਸ ਦੇ ਜ਼ਰੀਏ ਅੱਜ ਯੁਵਾ ਸ਼ਕਤੀ ਹਰ ਖੇਤਰ ਵਿੱਚ ਨਵੇਂ-ਨਵੇਂ ਕੀਰਤੀਮਾਨ ਬਣਾ ਕੇ ਦੇਸ਼ ਦਾ ਨਾਮ ਰੌਸ਼ਨ ਕਰ ਰਹੀ ਹੈ। ਇਸੇ ਸੋਚ ਨੂੰ ਸੰਕਲਪ ਬਣਾ ਕੇ ਭਾਰਤ ਦੇ ਨਵ-ਨਿਰਮਾਣ ਵੱਲ ਵਧ ਰਹੀ ਕੇਂਦਰ ਸਰਕਾਰ ਨੇ ਬੀਤੇ 12 ਵਰ੍ਹਿਆਂ ਵਿੱਚ ਸਿੱਖਿਆ ਦੇ ਨਾਲ-ਨਾਲ ਹੁਨਰ ਵਿਕਾਸ, ਉੱਦਮਤਾ, ਖੇਡਾਂ, ਸਿਹਤ ਅਤੇ ਜਨਤਕ ਭਾਗੀਦਾਰੀ ਵਰਗੇ ਖੇਤਰਾਂ ਵਿੱਚ ਯੁਵਾ ਕੇਂਦ੍ਰਿਤ ਪਹਿਲ ਸ਼ੁਰੂ ਕੀਤੀ। ਇਸੇ ਦਾ ਨਤੀਜਾ ਹੈ ਕਿ 6 ਵਰ੍ਹੇ ਪਹਿਲਾਂ 29 ਜੁਲਾਈ ਨੂੰ ਤਿੰਨ ਦਹਾਕਿਆਂ ਬਾਅਦ ਆਈ ਰਾਸ਼ਟਰੀ ਸਿੱਖਿਆ ਨੀਤੀ 2020 ਤੋਂ ਸਿੱਖਿਆ ਤੱਕ ਪਹੁੰਚ ਵਧੀ, ਉੱਚ ਸਿੱਖਿਆ ਦਾ ਇਨਫ੍ਰਾਸਟ੍ਰਕਚਰ ਮਜ਼ਬੂਤ ਹੋਇਆ, ਹੁਨਰ ਵਿਕਾਸ ਅਤੇ ਰੁਜ਼ਗਾਰ ਦੇ ਮੌਕੇ ਵਧੇ। ਸਟਾਰਟਅੱਪ ਸਿਸਟਮ, ਡਿਜੀਟਲ ਪਲੈਟਫਾਰਮ, ਸਮਾਵੇਸ਼ੀ ਸੋਚ ਅਤੇ ਭਾਗੀਦਾਰੀ ਦੇ ਜ਼ਰੀਏ ਯੁਵਾ ਹੁਣ ਅੰਮ੍ਰਿਤ ਪੀੜ੍ਹੀ ਦੇ ਰੂਪ ਵਿੱਚ ਬਣ ਗਏ ਹਨ ਵਿਕਸਿਤ ਭਾਰਤ ਦੇ ਸੰਕਲਪ ਸੇ ਸਿੱਧੀ ਦੇ ਸਾਰਥੀ...

***ਭਾਰਤ ਦਾ ਜਨ ਵੀ ਯੁਵਾ ਹੈ,***
***ਅਤੇ ਭਾਰਤ ਦਾ ਮਨ ਵੀ ਯੁਵਾ ਹੈ,***
***ਭਾਰਤ ਆਪਣੀ ਸਮਰੱਥਾ ਤੋਂ ਵੀ ਯੁਵਾ ਹੈ,***
***ਭਾਰਤ ਆਪਣੇ ਸੁਪਨਿਆਂ ਤੋਂ ਵੀ ਯੁਵਾ ਹੈ।***
***ਭਾਰਤ ਆਪਣੇ ਚਿੰਤਨ ਤੋਂ ਵੀ ਯੁਵਾ ਹੈ,***
***ਭਾਰਤ ਆਪਣੀ ਚੇਤਨਾ ਤੋਂ ਵੀ ਯੁਵਾ ਹੈ।***

ਇਨ੍ਹਾਂ ਹੀ ਵਿਸ਼ੇਸ਼ਤਾਵਾਂ ਦੇ ਕਾਰਨ ਅੱਜ ਦੁਨੀਆ ਭਾਰਤ ਨੂੰ ਇੱਕ ਉਮੀਦ ਅਤੇ ਵਿਸ਼ਵਾਸ ਦੀ ਦ੍ਰਿਸ਼ਟੀ ਨਾਲ ਦੇਖਦੀ ਹੈ। ਭਾਰਤ ਯੁਵਾ ਹੈ ਕਿਉਂਕਿ ਭਾਰਤ ਦੀ ਦ੍ਰਿਸ਼ਟੀ ਨੇ ਹਮੇਸ਼ਾ ਆਧੁਨਿਕਤਾ ਨੂੰ ਸਵੀਕਾਰ ਕੀਤਾ ਹੈ, ਭਾਰਤ ਦੇ ਦਰਸ਼ਨ ਨੇ ਤਬਦੀਲੀ ਨੂੰ ਅੰਗੀਕਾਰ ਕੀਤਾ ਹੈ। ਜਨ-ਜਨ ਤੋਂ ਦੁਨੀਆ ਦੀ ਯਾਤਰਾ ਹੋਵੇ ਜਾਂ ਸੇਵਾ-ਸਮਰਪਣ ਦਾ ਰਾਹ, ਤਬਦੀਲੀ ਦੀ ਦਿਸ਼ਾ ਹੋਵੇ ਜਾਂ ਪਰਾਕ੍ਰਮ ਦਾ ਪਰਿਚੈ, ਸਹਿਯੋਗ ਹੋਵੇ ਜਾਂ ਸੁਧਾਰ, ਭਾਰਤ ਦੇ ਨੌਜਵਾਨਾਂ ਨੇ ਆਪਣੀ ਨਵੀਂ ਪਛਾਣ ਬਣਾਈ ਹੈ ਕਿਉਂਕਿ ਉਨ੍ਹਾਂ ਦਾ ਟੀਚਾ ਹੁਣ ਅਸਮਾਨ ਹੈ ਜੋ 'ਕੈਨ ਡੂ ਸਪਿਰਿਟ' ਅਤੇ 'ਵਿਲ ਡੂ ਅਪ੍ਰੋਚ' ਵਿੱਚ ਵਿਸ਼ਵਾਸ ਰੱਖਦਾ ਹੈ। ਇਸ ਦ੍ਰਿਸ਼ਟੀਕੋਣ ਨਾਲ ਅੱਜ ਰਾਸ਼ਟਰ ਨਵੇਂ ਮੌਕੇ ਦੇ ਰਿਹਾ ਹੈ। 29 ਜੁਲਾਈ 2020 ਨੂੰ ਦੇਸ਼ ਦੇ ਸਾਹਮਣੇ ਆਈ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਦਾ ਮੁੱਖ ਟੀਚਾ ਭਾਰਤ ਨੂੰ ਗਿਆਨ ਦਾ ਗਲੋਬਲ ਹੱਬ ਬਣਾਉਣਾ ਹੈ। ਇਸ ਦੇ ਨਾਲ ਹੀ ਰਾਸ਼ਟਰੀ ਯੁਵਾ ਨੀਤੀ ਦੇ ਜ਼ਰੀਏ ਨੌਜਵਾਨਾਂ ਨੂੰ ਅੰਮ੍ਰਿਤ ਕਾਲ ਵੱਲ ਲੈ ਜਾਣ ਦੀਆਂ ਨਿਰੰਤਰ ਕੋਸ਼ਿਸ਼ਾਂ ਹੋ ਰਹੀਆਂ ਹਨ। ਇਸ ਦੇ ਤਹਿਤ ਨੌਜਵਾਨਾਂ ਨੂੰ ਆਧੁਨਿਕ ਕੌਸ਼ਲ ਅਤੇ ਡਿਜੀਟਲ ਤਕਨੀਕ ਨਾਲ ਜੋੜਿਆ ਜਾ ਰਿਹਾ ਹੈ, ਤਾਂ ਦੂਜੇ ਪਾਸੇ ਦੇਸ਼ ਵਿੱਚ ਸਟਾਰਟਅੱਪਸ ਤੋਂ ਲੈ ਕੇ ਯੂਨੀਕੌਰਨ ਬਣਾਉਣ ਦੇ ਸੱਭਿਆਚਾਰ ਨੂੰ ਹੁਲਾਰਾ ਮਿਲ ਰਿਹਾ ਹੈ। ਇਹੀ ਨਹੀਂ, ਸੈਨਾ ਸਮੇਤ ਹੋਰ ਖੇਤਰਾਂ ਵਿੱਚ ਨੌਜਵਾਨਾਂ ਦੇ ਲਈ ਨਵੇਂ ਮੌਕੇ ਤਿਆਰ ਕੀਤੇ ਜਾ ਰਹੇ ਹਨ, ਰੁਜ਼ਗਾਰ, ਸਵੈ-ਰੁਜ਼ਗਾਰ ਦੀਆਂ ਪਹਿਲਕਦਮੀਆਂ ਨੂੰ ਜ਼ਮੀਨੀ ਪੱਧਰ 'ਤੇ ਉਤਾਰਿਆ ਜਾ ਰਿਹਾ ਹੈ। ਖੇਡਾਂ ਨੂੰ ਕਰੀਅਰ ਨਾਲ ਜੋੜ ਕੇ ਸਮਾਜ ਦੀ ਸੋਚ ਨੂੰ ਬਦਲਣ ਦਾ ਇੱਕ ਵੱਡਾ ਅਭਿਆਨ ਚੱਲ ਰਿਹਾ ਹੈ। ਅੰਮ੍ਰਿਤ ਪੀੜ੍ਹੀ ਦੇ ਰੂਪ ਵਿੱਚ ਸੰਦਰਭਿਤ ਯੁਵਾ ਸ਼ਕਤੀ ਭਾਰਤ ਦੀ ਵਿਕਾਸ ਯਾਤਰਾ ਦੀ ਪ੍ਰੇਰਕ ਸ਼ਕਤੀ ਬਣ ਗਈ ਹੈ ਜੋ ਕਿ ਆਤਮ-ਨਿਰਭਰ ਅਤੇ ਵਿਕਸਿਤ ਰਾਸ਼ਟਰ ਦੇ ਸੰਕਲਪ ਦੇ ਨਾਲ ਅੰਮ੍ਰਿਤ ਕਾਲ ਵਿੱਚ ਦੇਸ਼ ਨੂੰ ਇੱਕ ਨਵੀਂ ਉਚਾਈ 'ਤੇ ਲੈ ਜਾਵੇਗੀ। ਜੇਕਰ ਕੋਈ ਸਰਕਾਰ ਸੁਧਾਰਵਾਦੀ ਕਦਮ ਚੁੱਕਦੀ ਹੈ ਤਾਂ ਨੌਜਵਾਨ ਨਤੀਜੇ ਲਿਆਉਂਦੇ ਹਨ। ਸਰਕਾਰ ਅਤੇ ਨੌਜਵਾਨਾਂ ਦੇ ਦਰਮਿਆਨ ਇਹ ਪਾਰਟਨਰਸ਼ਿਪ ਦੇਸ਼ ਦੇ ਸੰਕਲਪਾਂ ਨੂੰ ਨਵੀਂ ਉਡਾਣ ਦੇ ਰਹੀ ਹੈ।

## ਸਿੱਖਿਆ ਦਾ ਗਲੋਬਲ ਹੱਬ ਬਣ ਰਿਹਾ ਭਾਰਤ

ਇੱਕ ਦੇਸ਼ ਪੂਰੇ ਵਿਸ਼ਵ ਵਿੱਚ ਆਪਣੀ ਸਿੱਖਿਆ ਅਤੇ ਸਿੱਖਿਆ ਨੀਤੀਆਂ ਦੇ ਕਾਰਨ ਪਛਾਣਿਆ ਜਾਂਦਾ ਹੈ। ਕੇਂਦਰ ਸਰਕਾਰ ਨੇ ਵਿਸ਼ਵ ਪੱਧਰੀ ਸਿੱਖਿਆ ਦੀ ਸਿਰਜਣਾ ਕੀਤੀ ਹੈ, ਜਿਸ ਨਾਲ ਦੇਸ਼

# ਸਿੱਖਿਆ ਪ੍ਰਤੀ ਬਦਲਿਆ ਨਜ਼ਰੀਆ...

## ਗੁਣਵੱਤਾਪੂਰਨ ਸਿੱਖਿਆ ਹੋ ਰਹੀ ਹੈ ਯਕੀਨੀ

ਬੀਤੇ 12 ਵਰ੍ਹਿਆਂ ਵਿੱਚ ਕੇਂਦਰ ਸਰਕਾਰ ਨੇ ਸਿੱਖਿਆ ਦੇ ਲਈ ਜਿੱਥੇ ਬੁਨਿਆਦੀ ਢਾਂਚੇ ਨੂੰ ਮਜ਼ਬੂਤੀ ਦਿੱਤੀ ਹੈ, ਤਾਂ ਇਸੇ ਕੜੀ ਵਿੱਚ ਤਿੰਨ ਦਹਾਕਿਆਂ ਬਾਅਦ ਨਵੀਂ ਰਾਸ਼ਟਰੀ ਸਿੱਖਿਆ ਨੀਤੀ 2020 ਲਾਗੂ ਕੀਤੀ ਗਈ। ਸਿੱਖਿਆ ਦੀ ਨੀਂਹ ਦੇ ਤੌਰ 'ਤੇ ਸਕੂਲੀ ਸਿੱਖਿਆ ਨੂੰ ਐੱਨਈਪੀ ਦੇ ਅਨੁਸਾਰ ਪ੍ਰੀ- ਪ੍ਰਾਇਮਰੀ ਤੋਂ ਲੈ ਕੇ ਸੀਨੀਅਰ ਸੈਕੰਡਰੀ ਪੱਧਰ ਤੱਕ ਆਧੁਨਿਕ ਰੂਪ ਦਿੱਤਾ ਹੈ। ਐੱਨਈਪੀ 2020 ਨੂੰ ਲੜੀਵਾਰ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ ਜਿਸ ਦੀ ਸ਼ੁਰੂਆਤ ਨੂੰ 6 ਵਰ੍ਹੇ ਪੂਰੇ ਹੋ ਗਏ ਤੇ ਹੁਣ 7ਵੇਂ ਵਰ੍ਹੇ ਵਿੱਚ ਕਰ ਰਹੀ ਹੈ ਪ੍ਰਵੇਸ਼ ....

### ਦੁਨੀਆ ਦੀ ਸਭ ਤੋਂ ਵੱਡੀ ਸਕੂਲੀ ਵਿਵਸਥਾ ਅਤੇ ਦੂਜਾ ਸਭ ਤੋਂ ਵੱਡਾ ਉੱਚ ਸਿੱਖਿਆ ਨੈੱਟਵਰਕ

**24.69** ਕਰੋੜ ਵਿਦਿਆਰਥੀ


**14.71** ਲੱਖ ਸਕੂਲ

**1.01** ਕਰੋੜ ਤੋਂ ਵੱਧ ਅਧਿਆਪਕ




**ਦੁਨੀਆ ਵਿੱਚ ਚੌਥੇ ਸਥਾਨ 'ਤੇ QS ਰੈਂਕਿੰਗ 2026 ਪ੍ਰਤੀਨਿਧਤਾ ਵਿੱਚ**

**ਉੱਚ ਸਿੱਖਿਆ ਵਿੱਚ ਵਿਦਿਆਰਥੀਆਂ ਦਾ ਨਾਮਾਂਕਨ**




- 1.49+ ਲੱਖ ਸਕੂਲਾਂ ਨੂੰ ਆਈਸੀਟੀ ਅਤੇ ਡਿਜੀਟਲ ਪਹਿਲ ਦੇ ਦਾਇਰੇ ਵਿੱਚ ਲਿਆਂਦਾ ਗਿਆ।
- 1.76+ ਲੱਖ ਸਮਾਰਟ ਕਲਾਸਰੂਮ ਨੂੰ ਮਨਜ਼ੂਰੀ।
- 1.79 ਲੱਖ ਆਈਸੀਟੀ ਲੈਬਸ ਨੂੰ ਮਨਜ਼ੂਰੀ, ਵਰ੍ਹੇ 2025- 26 ਤੱਕ



# ਉੱਚ ਸਿੱਖਿਆ ਸੰਸਥਾਨਾਂ ਤੱਕ ਪਹੁੰਚ ਹੋਈ ਅਸਾਨ

| ਸੰਸਥਾਨ | 2014 | 2025 | ਵਾਧਾ (%) |
|---|---|---|---|
| ਆਈਆਈਟੀ | 16 | 23 | **44** |
| ਆਈਆਈਐੱਮ | 13 | 22 | **69** |
| ਏਮਸ | 7 | 23 | **228** |
| ਆਈਆਈਆਈਟੀ | 9 | 25 | **178** |
| ਆਈਆਈਐੱਸਈਆਰ | 5 | 7 | **40** |
| ਯੂਨੀਵਰਸਿਟੀਆਂ | 760 | 1330 | **75** |
| ਕਾਲਜ | 38,500 | 52,000 | **35** |
| ਮੈਡੀਕਲ ਕਾਲਜ | 431 | 818 | **93** |
| ਐੱਮਬੀਬੀਐੱਸ ਸੀਟਾਂ | 51,348 | 1,28,926 | **151** |
| ਮੈਡੀਕਲ ਪੀਜੀ ਸੀਟਾਂ | 31,185 | 85,822 | **175** |



“

**ਵਿਸ਼ਵ ਨੇ ਇਸ ਗੱਲ ਨੂੰ ਮੰਨਿਆ ਹੈ ਕਿ ਅੱਜ ਭਾਰਤ ਦੇ ਕੋਲ ਦੋ ਅਸੀਮ ਸ਼ਕਤੀਆਂ ਹਨ- ਇੱਕ ਡੈਮੋਗ੍ਰਾਫੀ ਅਤੇ ਦੂਜੀ ਡੈਮੋਕ੍ਰੇਸੀ। ਜਿਸ ਦੇਸ਼ ਕੋਲ ਜਿੰਨੀ ਯੁਵਾ ਜਨਸੰਖਿਆ ਹੈ, ਉਸ ਦੀ ਸਮਰੱਥਾ ਨੂੰ ਓਨਾ ਹੀ ਵੱਡਾ ਅਤੇ ਸੰਭਾਵਨਾਵਾਂ ਨੂੰ ਓਨਾ ਹੀ ਵਿਆਪਕ ਮੰਨਿਆ ਜਾਂਦਾ ਹੈ। ਪਰ ਭਾਰਤ ਦੇ ਨੌਜਵਾਨਾਂ ਕੋਲ ਡੈਮੋਗ੍ਰਾਫਿਕ ਡਿਵਿਡੈਂਡ ਦੇ ਨਾਲ- ਨਾਲ ਲੋਕਤੰਤਰੀ ਕਦਰਾਂ -ਕੀਮਤਾਂ ਵੀ ਹਨ, ਉਨ੍ਹਾਂ ਦਾ ਡੈਮੋਕ੍ਰੇਟਿਕ ਡਿਵਿਡੈਂਡ ਵੀ ਮਿਸਾਲੀ ਹੈ। ਭਾਰਤ ਆਪਣੇ ਨੌਜਵਾਨਾਂ ਨੂੰ ਡਿਵੈਲਪਮੈਂਟ ਡਰਾਈਵਰ ਵੀ ਮੰਨਦਾ ਹੈ।**

**– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਦਾ ਯੁਵਾ ਸਸ਼ਕਤ ਬਣ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ 6 ਵਰ੍ਹੇ ਪਹਿਲਾਂ ਬਿਹਤਰ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਲੈ ਕੇ ਆਏ, ਜਿਸ ਨਾਲ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਤਬਦੀਲੀ ਆਈ। ਇਸ ਵਿੱਚ ਹੁਣ ਅੰਗ੍ਰੇਜ਼ੀ ਭਾਸ਼ੀ ਦੀ ਰੁਕਾਵਟ ਨਹੀਂ ਹੈ। ਸਿੱਖਿਆ ਦੀ ਪਹੁੰਚ ਹੀ ਨਹੀਂ, ਹੁਣ ਗੁਣਵੱਤਾਪੂਰਨ ਸਿੱਖਿਆ ਯਕੀਨੀ ਬਣਾਉਣਾ ਕੇਂਦਰ ਸਰਕਾਰ ਦਾ ਸੰਕਲਪ ਬਣ ਗਿਆ ਹੈ। ਇਸ ਲਈ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਵਿੱਚ ਪ੍ਰਾਇਮਰੀ ਅਤੇ ਉੱਚ ਸਿੱਖਿਆ ਦੇ ਪੱਧਰ ‘ਤੇ ਖੇਤਰੀ ਭਾਸ਼ਾਵਾਂ ਵਿੱਚ ਪੜ੍ਹਾਈ ਹੋ ਰਹੀ ਹੈ। ਇੰਜੀਨੀਅਰਿੰਗ ਅਤੇ ਆਈਟੀ ਵਰਗੇ ਤਕਨੀਕੀ ਵਿਸ਼ੇ ਹੁਣ ਪੰਜ ਖੇਤਰੀ ਭਾਸ਼ਾਵਾਂ ਵਿੱਚ ਪੜ੍ਹੇ ਜਾ ਸਕਦੇ ਹਨ। ਇਸ ਨਾਲ ਨਾ ਸਿਰਫ਼ ਰਜਿਸਟ੍ਰੇਸ਼ਨ ਵਧੇਗਾ ਸਗੋਂ ਆਲਮੀ ਸੋਚ ਦੇ ਨਾਲ ਸਥਾਨਕ ਸਮੱਸਿਆਵਾਂ ਦੇ ਹੱਲ ਦੀ ਸਮਰੱਥਾ ਵੀ ਵਿਦਿਆਰਥੀ-ਵਿਦਿਆਰਥਣਾਂ ਵਿੱਚ ਵਧੇਗੀ।

ਨੌਜਵਾਨਾਂ ਨਾਲ ਭਰਪੂਰ ਹਰ ਦੇਸ਼ ਵਿੱਚ ਤਿੰਨ ਚੀਜ਼ਾਂ ਬਹੁਤ ਮਾਇਨੇ ਰੱਖਦੀਆਂ ਹਨ, ਜੋ ਯੁਵਾ ਦੀ ਸੱਚੀ ਪਛਾਣ ਬਣ ਜਾਂਦੀ ਹੈ। ਪਹਿਲੀ ਚੀਜ਼ ਹੈ- ਆਇਡੀਆਜ਼ ਅਤੇ ਇਨੋਵੇਸ਼ਨ। ਦੂਜੀ ਹੈ- ਜੋਖਮ ਲੈਣ ਦਾ ਜਜ਼ਬਾ ਅਤੇ ਤੀਜੀ ਹੈ- ਕੈਨ ਡੂ ਸਪਿਰਿਟ ਯਾਨੀ ਕਿਸੇ ਵੀ ਕੰਮ ਨੂੰ ਪੂਰਾ ਕਰਨ ਦੀ ਜ਼ਿੱਦ। ਹਾਲਾਤ ਕਿੰਨੇ ਵੀ ਉਲਟ ਕਿਉਂ ਨਾ ਹੋਣ- ਜਦੋਂ ਇਹ ਤਿੰਨੋਂ ਚੀਜ਼ਾਂ ਆਪਸ ਵਿੱਚ ਮਿਲਦੀਆਂ ਹਨ ਤਾਂ ਬੇਮਿਸਾਲ ਨਤੀਜੇ ਮਿਲਦੇ ਹਨ। ਇਸ ਵਿੱਚ ਸਿੱਖਿਆ ਦਾ ਮਹੱਤਵਪੂਰਨ ਯੋਗਦਾਨ ਹੈ। ਇਹੋ ਕਾਰਨ ਹੈ ਕਿ ਲਗਭਗ

## ਰਿਹਾਇਸ਼ੀ ਸਕੂਲਾਂ ਨੇ ਸਿੱਖਿਆ ਤੱਕ ਪਹੁੰਚ ਅਸਾਨ ਕੀਤੀ...

- ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਿਆ (ਕੇਜੀਬੀਵੀ)।
- ਨੇਤਾਜੀ ਸੁਭਾਸ਼ ਚੰਦ੍ਰ ਬੋਸ ਰਿਹਾਇਸ਼ੀ ਸਕੂਲ (ਐੱਨਐੱਸਸੀਬੀਏਵੀ)।
- ਪੀਐੱਮ- ਜਨਮਨ ਅਤੇ ਧਰਤੀ ਆਬਾ ਜਨਜਾਤੀਯ ਗ੍ਰਾਮ ਉਤਕਰਸ਼ ਅਭਿਆਨ (ਡੀਏਜੇਜੀਯੂਏ) ਵਿੱਚ ਕਬਾਇਲੀ ਭਾਈਚਾਰੇ ਲਈ ਹੋਸਟਲ ਸੁਵਿਧਾ।

**499** ਏਕਲਵਯ ਮਾਡਲ ਰਿਹਾਇਸ਼ੀ ਸਕੂਲਾਂ ਵਿੱਚ

**1.56** ਲੱਖ ਵਿਦਿਆਰਥੀ ਨਾਮਜ਼ਦ




## ਤਕਨੀਕ ਅਤੇ ਨਵੀਨਤਾ ਨਾਲ ਭਵਿੱਖ ਦੇ ਲਈ ਤਿਆਰ ਹੁੰਦੇ ਨੌਜਵਾਨ

**6+** ਕਰੋੜ ਯੁਵਾ ਹੁਨਰ ਵਿਕਾਸ ਪਹਿਲ ਦੇ ਤਹਿਤ ਟ੍ਰੇਂਡ

**1.6+** ਕਰੋੜ ਯੁਵਾ ਪੀਐੱਮਕੇਵੀਵਾਈ ਦੇ ਤਹਿਤ ਟ੍ਰੇਂਡ



**2.19+** ਕਰੋੜ ਰਜਿਸਟ੍ਰੇਸ਼ਨਾਂ MyBharat ਪੋਰਟਲ ‘ਤੇ

**1+** ਕਰੋੜ ਵਿਦਿਆਰਥੀ ਅਟਲ ਟਿਕਰਿੰਗ ਲੈਬ ਵਿੱਚ ਟ੍ਰੇਂਡ

- ਉਭਰ ਰਹੀਆਂ ਤਕਨੀਕਾਂ ਨਾਲ 16+ ਲੱਖ ਪ੍ਰੋਜੈਕਟਾਂ ਦੇ ਵਿਕਾਸ ਵਿੱਚ ਮਦਦ ਮਿਲੀ




- 6.4+ ਕਰੋੜ ਲੋਕ ਪੀਐੱਮਜੀਦਿਸ਼ਾ ਦੇ ਤਹਿਤ ਟ੍ਰੇਂਡ।
- 6.1 ਕਰੋੜ ਤੋਂ ਵੱਧ ਨਾਮਾਂਕਨ ਡਿਜੀਟਲ ਸਵਯਮ (SWAYAM) ਪਲੈਟਫਾਰਮ ‘ਤੇ ਹੋਏ, ਇੱਥੇ 18,580 ਪਾਠਕ੍ਰਮ ਉਪਲਬਧ।
- 3.66 ਲੱਖ ਤੋਂ ਵੱਧ ਈ-ਕੰਟੈਂਟ ਸੰਸਾਧਨ ਦੀਕਸ਼ਾ ਵਿੱਚ 135 ਭਾਸ਼ਾਵਾਂ ਵਿੱਚ ਉਪਲਬਧ।
- ਸਵਯਮ ਪ੍ਰਭਾ, ਪੀਐੱਮ ਈ-ਵਿਦਿਆ ਅਤੇ ਦੀਕਸ਼ਾ ਟੈਲੀਵਿਜ਼ਨ, ਰੇਡੀਓ, ਡਿਜੀਟਲ ਕੰਟੈਂਟ ਅਤੇ ਈ- ਸੰਸਾਧਨਾਂ ਦੇ ਜ਼ਰੀਏ ਸਿੱਖਣ ਦੇ ਮੌਕਿਆਂ ਨੂੰ ਹੋਰ ਵਧਾਇਆ ਹੈ।
- 7,400 ਤੋਂ ਵੱਧ ਸੰਸਥਾਵਾਂ ਨੇ ਉੱਚ ਸਿੱਖਿਆ ਦੇ ਪੱਧਰ ‘ਤੇ ‘ਵੰਨ ਨੇਸ਼ਨ ਵੰਨ ਸਬਸਕ੍ਰਿਪਸ਼ਨ’ ਪਹਿਲਕਦਮੀ ਨਾਲ ਅਕਾਦਮਿਕ ਅਤੇ ਸੋਧ ਸੰਸਾਧਨਾਂ ਤੱਕ ਪਹੁੰਚ ਵਧਾਈ ਹੈ, ਇਸ ਦੀ ਲਾਭਪਾਤਰੀ ਸੰਖਿਆ 1 ਕਰੋੜ ਦੇ ਲਗਭਗ ਹੈ।

ਤਿੰਨ ਦਹਾਕਿਆਂ ਦੀ ਉਡੀਕ ਤੋਂ ਬਾਅਦ 29 ਜੁਲਾਈ 2020 ਨੂੰ ਭਾਰਤ ਨੂੰ ਇੱਕ ਅਜਿਹੀ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਮਿਲੀ, ਜੋ ਕਿ ਭਾਰਤ ਨੂੰ ਗਿਆਨ ਦਾ ਗਲੋਬਲ ਹੱਬ ਬਣਾਉਣ ਵੱਲ ਵਧ ਰਹੀ ਹੈ। ਇਸ ਦਾ ਉਦੇਸ਼ 21ਵੀਂ ਸਦੀ ਦੀਆਂ ਜ਼ਰੂਰਤਾਂ ਦੇ ਅਨੁਕੂਲ ਸਕੂਲ ਅਤੇ ਕਾਲਜ ਦੀ ਸਿੱਖਿਆ ਨੂੰ ਵਧੇਰੇ ਸੰਪੂਰਨ, ਲਚਕਦਾਰ ਬਣਾਉਣਾ ਹੈ ਤਾਂ ਜੋ ਭਾਰਤ ਨੂੰ ਇੱਕ ਗਿਆਨ ਅਧਾਰਿਤ ਜੀਵੰਤ ਸਮਾਜ ਅਤੇ ਗਿਆਨ ਦੀ ਆਲਮੀ ਮਹਾਸ਼ਕਤੀ ਵਿੱਚ ਬਦਲ ਕੇ ਅਦੁੱਤੀ ਸਮਰੱਥਾਵਾਂ ਦਾ ਵਿਕਾਸ ਕੀਤਾ ਜਾ ਸਕੇ। ਵਿਆਪਕ ਮੰਥਨ ਨਾਲ ਤਿਆਰ ਹੋਈ ਰਾਸ਼ਟਰੀ ਸਿੱਖਿਆ ਨੀਤੀ ਵਿਗਿਆਨਕ ਸੋਚ ‘ਤੇ ਅਧਾਰਿਤ ਹੈ, ਤਾਂ ਜੋ ਬੱਚਿਆਂ ਉੱਪਰ ਪੜ੍ਹਾਈ ਦਾ ਬੋਝ ਨਾ ਹੋਵੇ। ਇਸੇ ਮਕਸਦ ਨਾਲ ਬੋਰਡ ਪ੍ਰੀਖਿਆਵਾਂ ਵਿੱਚ ਤਬਦੀਲੀ ਕੀਤੀ ਗਈ ਤਾਂ ਖੋਜ ਨੂੰ ਵਧੇਰੇ ਮਹੱਤਵ ਦੇ ਕੇ ਉਸ ਨੂੰ ਪਿੰਡਾਂ ਤੱਕ ਪਹੁੰਚਾਉਣਾ ਲਾਜ਼ਮੀ ਕੀਤਾ ਗਿਆ। ਇੰਨਾ ਹੀ ਨਹੀਂ, ਮਨੁੱਖੀ ਸੰਸਾਧਨ ਵਿਕਾਸ ਮੰਤਰਾਲੇ ਵੀ ਹੁਣ ਸਿੱਖਿਆ ਮੰਤਰਾਲੇ ਅਖਵਾਉਣ ਲੱਗਿਆ। ਪ੍ਰਧਾਨ ਮੰਤਰੀ ਮੋਦੀ ਦੀ ਵਿਦਿਆਰਥੀ-ਹਿਤੈਸ਼ੀ ਨੀਤੀਆਂ ਨਾਲ ਦੇਸ਼ ਵਿੱਚ ਵੱਡੇ ਬਦਲਾਅ ਆਏ ਹਨ। ਇਸ ਦੇ ਤਹਿਤ ਏਮਸ, ਆਈਆਈਟੀ, ਆਈਆਈਐੱਮ ਅਤੇ ਮੈਡੀਕਲ ਕਾਲਜਾਂ ਦੀ ਗਿਣਤੀ ਵਿੱਚ ਰਿਕਾਰਡ ਵਾਧਾ ਹੋਇਆ ਹੈ।

ਅੱਜ ਭਾਰਤ, ਦੁਨੀਆ ਦੀ ਸਭ ਤੋਂ ਵੱਡੀ ਸਕੂਲੀ ਸਿੱਖਿਆ ਵਿਵਸਥਾ ਵਿੱਚੋਂ ਇੱਕ ਹੈ। ਦੇਸ਼ ਵਿੱਚ 14.71 ਲੱਖ ਸਕੂਲ ਹਨ, ਜਿਨ੍ਹਾਂ ਵਿੱਚੋਂ ਲਗਭਗ 25 ਕਰੋੜ ਵਿਦਿਆਰਥੀ ਪੜ੍ਹਦੇ ਹਨ ਅਤੇ 1 ਕਰੋੜ ਤੋਂ ਵੱਧ ਅਧਿਆਪਕ ਪੜ੍ਹਾਉਂਦੇ ਹਨ। ਕੇਂਦਰ ਸਰਕਾਰ ਨੇ ਨੌਜਵਾਨਾਂ ਦੇ ਲਈ ਵੀ ਉੱਚ ਸਿੱਖਿਆ ਨਾਲ ਜੁੜੇ ਬੁਨਿਆਦੀ ਢਾਂਚੇ ਦਾ ਰਣਨੀਤਕ ਵਿਸਥਾਰ ਕੀਤਾ ਹੈ। ਸਕੂਲੀ ਅਤੇ ਉੱਚ ਸਿੱਖਿਆ ਵਿੱਚ ਨਾਮਾਂਕਨ ਦੀ ਦਰ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ।

# ਐੱਨਈਪੀ 2020 ਨੇ ਕੀਤਾ ਸਿਖਲਾਈ ਵਿੱਚ ਸੁਧਾਰ... ਬਿਹਤਰ ਹੋਈ ਅਕਾਦਮਿਕ ਯਾਤਰਾ

**170**
ਯੂਨੀਵਰਸਿਟੀਆਂ ਨੇ ਅਪਣਾਇਆ ਨੈਸ਼ਨਲ ਕ੍ਰੈਡਿਟ ਫ੍ਰੇਮਵਰਕ (ਐੱਨਸੀਆਰਐੱਫ), ਜੋ ਵਿਦਿਆਰਥੀਆਂ ਨੂੰ ਕ੍ਰੈਡਿਟ ਜ਼ਮ੍ਹਾਂ ਕਰਨ ਦੀ ਸੁਵਿਧਾ ਦਿੰਦਾ ਹੈ।

**2,469**
ਸੰਸਥਾਨ ਅਕਾਦਮਿਕ ਬੈਂਕ ਆਫ ਕ੍ਰੈਡਿਟਸ (ਏਬੀਸੀ) ਦੇ ਨਾਲ ਜੁੜੇ, 32 ਕਰੋੜ ਤੋਂ ਵੱਧ ਸਟੂਡੈਂਟ ਆਈਡੀ ਜਾਰੀ।

**15.48 ਕਰੋੜ** ਤੋਂ ਵੱਧ ਵੈਰੀਫਾਇਡ ਆਟੋਮੇਟਿਡ ਪਰਮਾਨੈਂਟ ਅਕਾਦਮਿਕ ਅਕਾਉਂਟ ਰਜਿਸਟ੍ਰੀ ਯਾਨੀ ਅਪਾਰ ਆਈਡੀ 31 ਮਾਰਚ, 2026 ਤੱਕ ਬਣਾਈਆਂ ਗਈਆਂ।

**153**
ਯੂਨੀਵਰਸਿਟੀਆਂ ਹੁਣ ਸਾਲ ਵਿੱਚ ਦੋ ਵਾਰ ਐਡਮਿਸ਼ਨ ਅਤੇ ਕਈ ਐਂਟਰੀ / ਐਗਜ਼ਿਟ ਪੁਆਇੰਟ ਦੀ ਸੁਵਿਧਾ ਦਿੰਦੀਆਂ ਹਨ, ਇਹ 2035 ਤੱਕ ਉੱਚ ਸਿੱਖਿਆ ਵਿੱਚ 50 ਪ੍ਰਤੀਸ਼ਤ ਗ੍ਰੌਸ ਐਨਰੋਲਮੈਂਟ ਰੇਸ਼ੋ ਦਾ ਟੀਚਾ ਹਾਸਲ ਕਰਨ ਦੀ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਹੈ।



**ਪਹਿਲੀ ਵਾਰ ਆਮ ਨਾਗਰਿਕਾਂ ਦੇ ਸੁਝਾਅ ਨਾਲ ਤਿਆਰ ਹੋਈ ਨੀਤੀ...**
ਆਜ਼ਾਦ ਭਾਰਤ ਵਿੱਚ 1968 ਵਿੱਚ ਪਹਿਲੀ ਵਾਰ ਰਾਸ਼ਟਰੀ ਸਿੱਖਿਆ ਨੀਤੀ ਦੀ ਕਲਪਨਾ ਕੀਤੀ ਗਈ। ਇਸ ਵਿੱਚ ਸਿੱਖਿਆ ਪ੍ਰਣਾਲੀ ਵਿੱਚ ਬਦਲਾਅ ਕਰਕੇ 10+2+3 ਪ੍ਰਣਾਲੀ 'ਤੇ ਜ਼ੋਰ ਦਿੱਤਾ ਗਿਆ। 1952 ਵਿੱਚ ਲਕਸ਼ਮਣ ਸਵਾਮੀ ਮੁਦਲਿਆਰ ਦੀ ਪ੍ਰਧਾਨਗੀ ਹੇਠ ਸੈਕੰਡਰੀ ਐਜੂਕੇਸ਼ਨ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ। ਇਸ ਤੋਂ ਬਾਅਦ ਮਈ 1986 ਵਿੱਚ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਲਾਗੂ ਕੀਤੀ ਗਈ, ਜੋ ਕਿ 2020 ਤੱਕ ਚੱਲ ਰਹੀ ਸੀ। 1986 ਦੀ ਸਿੱਖਿਆ ਨੀਤੀ ਵਿੱਚ ਕੁਝ ਸੋਧਾਂ 1992 ਵਿੱਚ ਵੀ ਕੀਤੀਆਂ ਗਈਆਂ। ਇਸ ਤੋਂ ਬਾਅਦ ਟੀਐੱਸਆਰ ਸੁਬ੍ਰਮਣਿਅਮ ਅਤੇ ਫਿਰ ਜੂਨ 2017 ਵਿੱਚ ਇਸਰੋ ਦੇ ਪ੍ਰਮੁੱਖ ਰਹੇ ਡਾ. ਕੇ. ਕਸਤੂਰੀਰੰਗਨ ਦੀ ਪ੍ਰਧਾਨਗੀ ਹੇਠ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਸੀ, ਇਸ ਕਮੇਟੀ ਨੇ ਮਈ 2019 ਵਿੱਚ 'ਰਾਸ਼ਟਰੀ ਸਿੱਖਿਆ ਨੀਤੀ ਦਾ ਖਰੜਾ' ਪੇਸ਼ ਕੀਤਾ ਸੀ। ਜਿਸ ਨੂੰ 29 ਜੁਲਾਈ 2020 ਨੂੰ ਮਨਜ਼ੂਰੀ ਦਿੱਤੀ ਗਈ। ਰਾਸ਼ਟਰੀ ਸਿੱਖਿਆ ਨੀਤੀ ਦੇ ਲਈ 2.5 ਲੱਖ ਗ੍ਰਾਮ ਪੰਚਾਇਤਾਂ, 6,600 ਬਲਾਕਾਂ, 676 ਜ਼ਿਲ੍ਹਿਆਂ ਤੋਂ ਲਗਭਗ 2 ਲੱਖ ਸੁਝਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਦੇ ਲਈ 2015 ਵਿੱਚ ਭਾਗੀਦਾਰੀ ਮਸ਼ਵਰਾ ਪ੍ਰਕਿਰਿਆ ਸ਼ੁਰੂ ਹੋਈ।

ਸਿੱਖਿਆ ਦੇ ਖੇਤਰ ਵਿੱਚ ਤਬਦੀਲੀ ਦੇ ਲਈ ਬਣੀ ਨਵੀਂ ਰਾਸ਼ਟਰੀ ਸਿੱਖਿਆ ਨੀਤੀ 21ਵੀਂ ਸਦੀ ਵਿੱਚ ਤੇਜ਼ੀ ਨਾਲ ਬਦਲਾਅ ਲਿਆਉਣ ਵਾਲਾ ਕਦਮ ਬਣ ਗਈ ਹੈ। ਇਸੇ ਦਾ ਨਤੀਜਾ ਹੈ ਕਿ ਅੱਜ ਭਾਰਤ ਦਾ ਯੁਵਾ ਦੇਸ਼ ਦੇ ਸਾਹਮਣੇ ਆਉਣ ਵਾਲੀ ਹਰ ਚੁਣੌਤੀ ਦਾ ਡਟ ਕੇ ਸਾਹਮਣਾ ਕਰ ਰਿਹਾ ਹੈ। ਉਸ ਦਾ ਹੱਲ ਕੱਢ ਕੇ ਆਪਣੀ ਤਾਕਤ ਸਾਬਤ ਕਰ ਰਿਹਾ ਹੈ। ਦੇਸ਼ ਦੇ ਮਹਾਨ ਸਿੱਖਿਆ ਮਾਹਿਰ ਅਤੇ ਸੰਵਿਧਾਨ ਨਿਰਮਾਤਾ ਬਾਬਾ ਸਾਹੇਬ ਅੰਬੇਡਕਰ ਕਹਿੰਦੇ ਸਨ ਕਿ ਸਿੱਖਿਆ ਅਜਿਹੀ ਹੋਣੀ ਚਾਹੀਦੀ ਹੈ ਜੋ ਕਿ ਸਾਰਿਆਂ ਦੀ ਪਹੁੰਚ ਵਿੱਚ ਹੋਵੇ, ਸਾਰਿਆਂ ਦੇ ਲਈ ਪਹੁੰਚਯੋਗ ਹੋਵੇ। ਇਹ




ਸਿੱਖਿਆ ਨੀਤੀ, ਉਨ੍ਹਾਂ ਦੇ ਇਸ ਵਿਚਾਰ ਨੂੰ ਵੀ ਸਮਰਪਿਤ ਹੈ। ਇਹ ਸਿੱਖਿਆ ਨੀਤੀ, ਨੌਕਰੀ ਮੰਗਣ ਵਾਲਿਆਂ ਦੀ ਬਜਾਏ ਨੌਕਰੀ ਦੇਣ ਵਾਲਾ ਬਣਾਉਣ 'ਤੇ ਜ਼ੋਰ ਦਿੰਦੀ ਹੈ। ਯਾਨੀ ਇੱਕ ਤਰ੍ਹਾਂ ਨਾਲ ਇਹ ਮਾਨਸਿਕਤਾ ਅਤੇ ਪਹੁੰਚ ਵਿੱਚ ਹੀ ਰਿਫੌਰਮ ਲਿਆਉਣ ਦੀ ਕੋਸ਼ਿਸ਼ ਹੈ। ਸਿੱਖਿਆ ਦੇ ਨਾਲ-ਨਾਲ ਨੌਜਵਾਨਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਵਿਸ਼ੇਸ਼ ਮੌਕੇ ਮਿਲੇ, ਇਸ ਦੇ ਲਈ ਵੀ ਸੰਪੂਰਨ ਸੋਚ ਦੇ ਨਾਲ ਕੇਂਦਰ ਸਰਕਾਰ ਨੇ ਬੀਤੇ 12 ਵਰ੍ਹਿਆਂ ਵਿੱਚ ਮਹੱਤਵਪੂਰਨ ਕਦਮ ਚੁੱਕੇ ਹਨ।

**ਕੌਸ਼ਲ ਮਿਸ਼ਨ ਨਾਲ ਹੁਨਰਮੰਦ ਹੋ ਰਿਹਾ ਨਵਾਂ ਭਾਰਤ**

ਨੌਜਵਾਨਾਂ ਨੂੰ ਉਨ੍ਹਾਂ ਦੀ ਸਿੱਖਿਆ, ਕੌਸ਼ਲ ਅਤੇ ਉਮੀਦਾਂ ਦੇ ਅਨੁਸਾਰ ਰੁਜ਼ਗਾਰ ਮਿਲੇ, ਇਹ ਕੇਂਦਰ ਸਰਕਾਰ ਦੀ ਤਰਜੀਹ ਰਹੀ ਹੈ। ਦੇਸ਼ ਅੰਦਰ ਰੁਜ਼ਗਾਰ ਕਿੰਨਾ ਵਧ ਰਿਹਾ ਹੈ, ਇਹ ਪ੍ਰਤੱਖ- ਅਪ੍ਰਤੱਖ ਸੂਚਕ ਅੰਕਾਂ ਦੇ ਜ਼ਰੀਏ ਪਤਾ ਚੱਲਦਾ ਹੈ। ਮਜ਼ਬੂਤ ਆਰਥਿਕ ਨੀਤੀਆਂ ਨਾਲ ਲੱਖਾਂ ਰੁਜ਼ਗਾਰ ਪੈਦਾ ਹੋ ਰਹੇ ਹਨ। ਪ੍ਰਧਾਨ ਮੰਤਰੀ ਕੌਸ਼ਲ ਯੋਜਨਾ ਦੇ ਤਹਿਤ ਲੋਕਾਂ ਨੂੰ ਹੁਨਰ ਨਾਲ ਲੈਸ ਕੀਤਾ ਜਾ ਰਿਹਾ ਹੈ। ਸਰਕਾਰ ਦੇ ਇਨ੍ਹਾ ਯਤਨਾਂ ਨਾਲ ਕਿੰਨੇ ਹੀ ਨਵੇਂ ਸੈਕਟਰਾਂ ਵਿੱਚ ਰੁਜ਼ਗਾਰ ਦੇ ਨਵੇਂ ਮੌਕੇ ਬਣ ਰਹੇ ਹਨ। ਦੇਸ਼ ਵਿੱਚ ਸਵੈ-ਰੁਜ਼ਗਾਰ ਦੇ ਮੌਕੇ ਵੀ ਲਗਾਤਾਰ ਵਧ ਰਹੇ ਹਨ ਜੋ ਕਿ ਕੇਂਦਰ ਸਰਕਾਰ ਵਿੱਚ ਨੌਜਵਾਨਾਂ ਦੇ ਭਰੋਸੇ ਨੂੰ ਦਰਸਾਉਂਦਾ ਹੈ। ਨੌਜਵਾਨਾਂ ਨੂੰ ਭਵਿੱਖ ਦੇ ਅਨੁਸਾਰ ਤਿਆਰ ਕਰਨ ਦੇ ਲਈ, ਉਨ੍ਹਾਂ ਨੂੰ ਲਗਾਤਾਰ ਹੁਨਰਮੰਦ ਬਣਾਉਣ, ਮੁੜ ਹੁਨਰਮੰਦ ਬਣਾਉਣ ਅਤੇ ਉਨ੍ਹਾਂ ਦਾ ਹੁਨਰ ਨਿਰਮਾਣ ਕਰਨ ਦੀ ਜ਼ਰੂਰਤ ਹੈ। ਇਸੇ ਸੋਚ ਦੇ ਨਾਲ ਭਾਰਤ ਵਿੱਚ ਕੌਸ਼ਲ ਮੈਪਿੰਗ ਦਾ ਕੰਮ ਚੱਲ ਰਿਹਾ ਹੈ। ਭਾਰਤ ਦੇ ਨੌਜਵਾਨਾਂ ਕੋਲ ਵੱਖ- ਵੱਖ ਸੈਕਟਰਾਂ ਵਿੱਚ ਕੰਮ ਕਰਨ ਦਾ ਹੁਨਰ ਹੋਣਾ ਵੀ ਬਹੁਤ ਜ਼ਰੂਰੀ ਹੈ। ਇਸ ਦੇ ਲਈ ਦੇਸ਼ ਵਿੱਚ ਉੱਚ ਸਿੱਖਿਆ ਸੰਸਥਾਵਾਂ, ਕੌਸ਼ਲ ਵਿਕਾਸ ਸੰਸਥਾਵਾਂ

## ਖੇਲੋ ਇੰਡੀਆ ਨਾਲ ਖੁਸ਼ਹਾਲ ਹੋ ਰਿਹਾ **ਭਾਰਤ ਦਾ ਖੇਡ ਭਵਿੱਖ**

- ਟ੍ਰੇਨਿੰਗ, ਉਪਕਰਣ, ਖੇਡ ਵਿਗਿਆਨ ਅਤੇ ਵਿੱਤੀ ਸਹਾਇਤਾ ਨੇ ਐਥਲੀਟਾਂ ਦੇ ਵਿਕਾਸ ਨੂੰ ਮਜ਼ਬੂਤ ਕੀਤਾ ਹੈ। ਖੇਡ ਹੁਣ ਇੱਕ ਸਨਮਾਨਿਤ ਪੇਸ਼ੇ ਦੇ ਰੂਪ ਵਿੱਚ ਉਭਰ ਰਿਹਾ ਹੈ। ਭਾਰਤ ਦਾ ਟੀਚਾ ਹੁਣ ਸਿਰਫ ਹਿੱਸਾ ਲੈਣਾ ਨਹੀਂ, ਸਗੋਂ ਜਿੱਤਣਾ ਹੈ।
- 23.68 ਕਰੋੜ ਤੋਂ ਵੱਧ ਲੋਕ 'ਫਿਟ ਇੰਡੀਆ ਫ੍ਰੀਡਮ ਰਨ', 'ਫਿਟ ਇੰਡੀਆ ਸਕੂਲ ਵੀਕ' ਅਤੇ 'ਫਿਟ ਇੰਡੀਆ ਕੁਇਜ਼' ਵਿੱਚ ਸ਼ਾਮਲ ਹੋਏ।

**4.5**
**ਲੱਖ ਤੋਂ ਵੱਧ ਸਕੂਲ 'ਫਿਟ ਇੰਡੀਆ ਸਕੂਲ ਫਲੈਗ' ਨਾਲ ਸਨਮਾਨਿਤ**

## ਆਲਮੀ ਮੰਚ 'ਤੇ **ਪਰਚਮ ਲਹਿਰਾਉਂਦਾ ਭਾਰਤ**

**30,752**
**ਖੇਲੋ ਇੰਡੀਆ ਦੇ ਤਹਿਤ ਸਮਰਥਿਤ ਐਥਲੀਟ**

**ਏਸ਼ਿਆਈ ਖੇਡਾਂ ਵਿੱਚ ਰਿਕਾਰਡ ਮੈਡਲ**
**107**





**ਪੈਰਿਸ ਪੈਰਾਲੰਪਿਕ ਵਿੱਚ**
**29**
**ਮੈਡਲ**

**ਇੰਫਾਲ-ਮਣੀਪੁਰ ਵਿੱਚ 2018 ਵਿੱਚ ਬਣੀ ਭਾਰਤ ਦੀ ਪਹਿਲੀ ਰਾਸ਼ਟਰੀ ਖੇਡ ਯੂਨੀਵਰਸਿਟੀ**



ਦਾ ਵੀ ਯੁੱਧ ਪੱਧਰ 'ਤੇ ਨਿਰਮਾਣ ਹੋ ਰਿਹਾ ਹੈ। ਨਾਲ ਹੀ ਸਾਲ 2014 ਤੋਂ 2026 ਦੇ ਦਰਮਿਆਨ ਹਰ ਸਾਲ ਇੱਕ ਨਵੀਂ ਆਈਆਈਟੀ ਅਤੇ ਇੱਕ ਨਵਾਂ ਆਈਆਈਐੱਮ ਤਿਆਰ ਹੋਇਆ ਹੈ। ਪਿਛਲੇ 12 ਵਰ੍ਹਿਆਂ ਵਿੱਚ ਯੂਨੀਵਰਸਿਟੀ ਅਤੇ ਕਾਲਜ ਖੁੱਲ੍ਹਣ ਦੀ ਗਿਣਤੀ ਲਗਾਤਾਰ ਵਧੀ ਹੈ। ਕਾਲਜ ਵਧਣ ਨਾਲ ਸੁਭਾਵਿਕ ਤੌਰ 'ਤੇ ਸੀਟਾਂ ਦੀ ਗਿਣਤੀ ਵੀ ਵਧੀ ਹੈ, ਨੌਜਵਾਨਾਂ ਦੇ ਲਈ ਉੱਚ ਸਿੱਖਿਆ ਦੇ ਮੌਕੇ ਵਧੇ ਹਨ। ਹੁਨਰ ਵਿਕਾਸ ਦੀਆਂ ਵੱਖ-ਵੱਖ ਯੋਜਨਾਵਾਂ ਦੇ ਤਹਿਤ ਦੇਸ਼ ਵਿੱਚ 6 ਕਰੋੜ ਤੋਂ ਵੱਧ ਨੌਜਵਾਨਾਂ ਨੂੰ ਹੁਨਰ ਦੀ ਟ੍ਰੇਨਿੰਗ ਦਿੱਤੀ ਜਾ ਚੁੱਕੀ ਹੈ।

### ਖੇਡ ਹੁਣ ਕਰੀਅਰ ਦੀ ਨਵੀਂ ਪਛਾਣ


ਨੌਜਵਾਨਾਂ ਨੂੰ ਹਰ ਖੇਤਰ ਵਿੱਚ ਮਿਲ ਰਹੇ ਨਵੇਂ ਮੌਕਿਆਂ ਦੀ ਬਦੌਲਤ ਪਿਛਲੇ 12 ਵਰ੍ਹਿਆਂ ਵਿੱਚ ਭਾਰਤੀ ਖੇਡਾਂ ਦਾ ਇੱਕ ਨਵਾਂ ਯੁੱਗ ਸ਼ੁਰੂ ਹੋਇਆ ਹੈ। ਇਹ ਨਵਾਂ ਦੌਰ ਭਾਰਤ ਨੂੰ ਸਿਰਫ ਇੱਕ ਵੱਡੀ ਖੇਡ ਸ਼ਕਤੀ ਬਣਾਉਣ ਤੱਕ ਸੀਮਤ ਨਹੀਂ ਹੈ, ਸਗੋਂ ਖੇਡਾਂ ਦੇ ਜ਼ਰੀਏ ਪੂਰੇ ਸਮਾਜ ਨੂੰ ਮਜ਼ਬੂਤ ਅਤੇ ਸਸ਼ਕਤ ਬਣਾਉਣ ਦਾ ਇੱਕ ਵੱਡਾ ਅਭਿਆਨ ਹੈ। ਇੱਕ ਸਮਾਂ ਸੀ ਜਦੋਂ ਦੇਸ਼ ਵਿੱਚ ਖੇਡਾਂ ਨੂੰ ਲੈ ਕੇ ਉਦਾਸੀਨਤਾ ਦਾ ਭਾਵ ਸੀ। ਸਪੋਰਟਸ ਵੀ ਇੱਕ ਕਰੀਅਰ ਹੋ ਸਕਦਾ ਹੈ, ਇਹ ਘੱਟ ਹੀ ਲੋਕ ਸੋਚਦੇ ਸਨ। ਇਸ ਦੀ ਵਜ੍ਹਾ ਸੀ ਕਿ ਸਪੋਰਟਸ ਨੂੰ ਸਰਕਾਰਾਂ ਤੋਂ ਜਿੰਨਾ ਸਮਰਥਨ ਅਤੇ ਸਹਿਯੋਗ ਮਿਲਣਾ ਚਾਹੀਦਾ ਸੀ, ਉਹ ਮਿਲਦਾ ਨਹੀਂ ਸੀ। ਇਸ ਲਈ ਗ਼ਰੀਬ, ਮੱਧ ਵਰਗ ਅਤੇ ਪਿੰਡਾਂ ਦੇ ਬੱਚਿਆਂ ਲਈ ਖੇਡ ਵਿੱਚ ਅੱਗੇ ਵਧ ਪਾਉਣਾ ਬਹੁਤ ਮੁਸ਼ਕਲ ਸੀ। ਜ਼ਿਆਦਾਤਰ ਮਾਤਾ-ਪਿਤਾ ਨੂੰ ਵੀ ਲਗਣ ਲਗਿਆ ਕਿ ਬੱਚੇ ਨੂੰ ਉਸ ਪ੍ਰੋਫੈਸ਼ਨ ਵਿੱਚ ਜਾਣਾ ਚਾਹੀਦਾ ਹੈ ਜਿਸ ਨਾਲ ਉਸ ਦਾ ਜੀਵਨ ਸੁਚਾਰੂ ਹੋ ਜਾਵੇ ਪਰ ਹੁਣ ਸਮਾਜ ਦੇ ਦ੍ਰਿਸ਼ਟੀਕੋਣ ਵਿੱਚ ਵੱਡਾ ਬਦਲਾਅ ਆਇਆ ਹੈ। ਜੀਵਨ ਵਿੱਚ ਅੱਗੇ ਵਧਣ

## ਪ੍ਰਧਾਨ ਮੰਤਰੀ ਮੁਦ੍ਰਾ ਯੋਜਨਾ


**57.7 ਕਰੋੜ** ਲੋਨ ਮਨਜ਼ੂਰੀ ਵਿੱਚ 40+ ਲੱਖ ਕਰੋੜ ਰੁਪਏ ਦੀ ਰਾਸ਼ੀ ਲਾਂਚ ਨਾਲ ਹੁਣ ਤੱਕ ਮਨਜ਼ੂਰ



**ਲੋਨ ਦੀ ਗਿਣਤੀ ਵਿੱਚ 28% ਵਾਧਾ**




**ਲੋਨ ਦੀ ਰਾਸ਼ੀ ਵਿੱਚ 312% ਦਾ ਵਾਧਾ**




## ਰੁਜ਼ਗਾਰ ਦੇ ਮੌਕਿਆਂ ਤੱਕ ਤੇਜ਼ ਪਹੁੰਚ

**12.5** ਲੱਖ ਤੋਂ ਵੱਧ ਨਿਯੁਕਤੀ-ਪੱਤਰ

**19** ਰੁਜ਼ਗਾਰ ਮੇਲਿਆਂ ਦੇ ਮਾਧਿਅਮ ਨਾਲ ਜਾਰੀ



- 3.5 ਕਰੋੜ ਨੌਕਰੀਆਂ ਸਿਰਜਣ ਵਿੱਚ ਮਦਦ ਕਰਨ ਦੇ ਉਦੇਸ਼ ਨਾਲ ਅਗਸਤ, 2025 ਵਿੱਚ ਪ੍ਰਧਾਨ ਮੰਤਰੀ ਵਿਕਸਿਤ ਭਾਰਤ ਰੁਜ਼ਗਾਰ ਯੋਜਨਾ ਸ਼ੁਰੂ ਕੀਤੀ ਗਈ। ਇਸ ਯੋਜਨਾ 'ਤੇ ਸਰਕਾਰ 1 ਲੱਖ ਕਰੋੜ ਰੁਪਏ ਖਰਚ ਕਰੇਗੀ।
- 3.43 ਕਰੋੜ ਤੋਂ ਵੱਧ ਨੌਕਰੀਆਂ 2025-26 ਵਿੱਚ ਨੈਸ਼ਨਲ ਕਰੀਅਰ ਸਰਵਿਸ ਪੋਰਟਲ 'ਤੇ ਉਪਲਬਧ ਕਰਵਾਈਆਂ ਗਈਆਂ। ਇਹ ਪੋਰਟਲ ਡਿਜੀਟਲ ਰੁਜ਼ਗਾਰ ਬਜ਼ਾਰ ਦੇ ਤੌਰ 'ਤੇ ਕੰਮ ਕਰਦਾ ਹੈ।



**1.5** ਲੱਖ ਨੌਜਵਾਨਾਂ ਨੂੰ ਸੈਨਾ ਵਿੱਚ ਅਗਨੀਵੀਰ ਯੋਜਨਾ ਦੇ ਤਹਿਤ ਸ਼ਾਮਲ ਕੀਤਾ ਜਾ ਚੁੱਕਿਆ ਹੈ।

**ਭਾਰਤ ਅਤੇ ਜੰਜੀਬਾਰ ਅਤੇ ਆਬੂ ਧਾਬੀ ਵਿੱਚ ਦੋ ਅੰਤਰਰਾਸ਼ਟਰੀ ਆਈਆਈਟੀ ਕੈਂਪਸ ਖੋਲ੍ਹੇ ਹਨ ਤਾਂ ਆਈਆਈਐੱਮ ਅਹਿਮਦਾਬਾਦ ਨੇ ਵੀ ਦੁਬਈ ਵਿੱਚ ਆਪਣਾ ਕੈਂਪਸ ਖੋਲ੍ਹਿਆ ਹੈ। ਉਮੀਦ ਹੈ ਕਿ 15 ਵਿਦੇਸ਼ੀ ਯੂਨੀਵਰਸਿਟੀਆਂ ਭਾਰਤ ਵਿੱਚ ਆਪਣੇ ਕੈਂਪਸ ਖੋਲ੍ਹਣਗੀਆਂ।**

ਦੇ ਲਈ ਖੇਡ ਨੂੰ ਇੱਕ ਆਕਰਸ਼ਕ ਪੇਸ਼ੇ ਦੇ ਤੌਰ 'ਤੇ ਦੇਖਿਆ ਜਾਣ ਲਗਿਆ ਹੈ। ਇਸ ਵਿੱਚ ਖੇਲੋ ਇੰਡੀਆ ਅਭਿਆਨ ਨੇ ਵੱਡੀ ਭੂਮਿਕਾ ਨਿਭਾਈ ਹੈ। ਪੀਐੱਮ ਮੋਦੀ ਦੀਆਂ ਕੋਸ਼ਿਸ਼ਾਂ ਨਾਲ ਦੇਸ਼ ਦੇ ਲੋਕਾਂ ਦੀ ਸੋਚ ਵਿੱਚ ਬਦਲਾਅ ਆਇਆ। ਕੇਂਦਰ ਸਰਕਾਰ ਨੇ ਅਜਿਹੀਆਂ ਨੀਤੀਆਂ ਬਣਾਈਆਂ ਜਿਸ ਨਾਲ ਖੇਡਾਂ ਵਿੱਚ ਕਰੀਅਰ ਬਣਾਉਣ ਦੇ ਰਸਤੇ ਖੁੱਲ੍ਹੇ। ਨਤੀਜਾ ਹੋਇਆ ਕਿ ਟੋਕਿਓ ਓਲੰਪਿਕ ਵਿੱਚ ਭਾਰਤ ਨੇ 7 ਮੈਡਲ ਜਿੱਤ ਕੇ ਹੁਣ ਤੱਕ ਦਾ ਸਰਵਸ਼੍ਰੇਸ਼ਠ ਪ੍ਰਦਰਸ਼ਨ ਕੀਤਾ। ਪੈਰਿਸ ਓਲੰਪਿਕ ਵਿੱਚ ਵੀ ਭਾਰਤ ਨੇ 6 ਮੈਡਲ ਜਿੱਤੇ। ਟੋਕਿਓ ਪੈਰਾਲੰਪਿਕਸ ਵਿੱਚ ਵੀ ਭਾਰਤ ਦੇ ਖਾਤੇ ਵਿੱਚ 19 ਮੈਡਲ ਆਏ। ਇਸੇ ਤਰ੍ਹਾਂ ਪੈਰਿਸ ਪੈਰਾਲੰਪਿਕਸ ਵਿੱਚ ਭਾਰਤ ਨੇ 29 ਮੈਡਲ ਜਿੱਤੇ। ਨਵੇਂ ਭਾਰਤ ਦਾ ਮੰਤਰ ਹੈ- ਜੁਟ ਜਾਓ ਅਤੇ ਜਿੱਤੋ। ਪੈਰਾਲੰਪਿਕਸ ਵਿੱਚ ਭਾਰਤ ਨੇ ਜਿੰਨੇ ਮੈਡਲ ਜਿੱਤੇ ਓਨੇ ਭਾਰਤ ਨੇ ਹੁਣ ਤੱਕ ਦੇ ਇਤਿਹਾਸ ਵਿੱਚ ਨਹੀਂ ਜਿੱਤੇ ਸਨ। ਓਲੰਪਿਕ ਵਿੱਚ ਵੀ ਭਾਰਤ ਦਾ ਪ੍ਰਦਰਸ਼ਨ ਸ਼੍ਰੇਸ਼ਠ ਰਿਹਾ, ਕਿਉਂਕਿ ਨੌਜਵਾਨਾਂ ਵਿੱਚ ਜਿੱਤ ਦਾ ਵਿਸ਼ਵਾਸ ਪੈਦਾ ਹੋਇਆ। ਕੇਂਦਰ ਸਰਕਾਰ ਦੇ ਟੌਪਸ ਪ੍ਰੋਗਰਾਮ ਦੇ ਮਾਧਿਅਮ ਨਾਲ ਖਿਡਾਰੀਆਂ ਨੂੰ ਸਹਿਯੋਗ ਅਤੇ ਹਰ ਤਰ੍ਹਾਂ ਦੀਆਂ ਖੇਡਾਂ ਨੂੰ ਪ੍ਰੋਤਸਾਹਨ ਮਿਲ ਰਿਹਾ ਹੈ। ਹੁਣ ਰਾਸ਼ਟਰੀ ਖੇਡ ਨੀਤੀ-2025 ਭਾਰਤ ਨੂੰ ਆਲਮੀ ਖੇਡ ਮਹਾਸ਼ਕਤੀ ਬਣਾਉਣ ਦੀ ਦਿਸ਼ਾ ਵਿੱਚ ਮਹੱਤਵਪੂਰਨ ਪਹਿਲ ਬਣ ਗਈ ਹੈ।

"ਅੱਜ ਦੇਸ਼ ਦਾ ਟੀਚਾ ਹੈ- ਵਿਕਸਿਤ ਭਾਰਤ, ਸਸ਼ਕਤ ਭਾਰਤ! ਅਸੀਂ ਵਿਕਸਿਤ ਭਾਰਤ ਦੇ ਸੁਪਨੇ ਨੂੰ ਪੂਰਾ ਕੀਤੇ ਬਿਨਾ ਨਹੀਂ ਰੁਕਣਾ ਹੈ। ਮੈਨੂੰ ਵਿਸ਼ਵਾਸ ਹੈ, ਹਰ ਨੌਜਵਾਨ ਇਸ ਸੁਪਨੇ ਨੂੰ ਆਪਣਾ ਸੁਪਨਾ ਬਣਾਵੇਗਾ, ਆਪਣੇ ਮੋਢਿਆਂ 'ਤੇ ਦੇਸ਼ ਦੀ ਇਹ ਜ਼ਿੰਮੇਦਾਰੀ ਲਵੇਗਾ।

– ਨਰੇਂਦਰ ਮੋਦੀ, ਪ੍ਰਧਾਨ ਮੰਤਰੀ



## ਸਟਾਰਟਅੱਪ ਨਾਲ ਯੂਨੀਕੌਰਨ ਦੀ ਯਾਤਰਾ

ਬੀਤੇ 12 ਵਰ੍ਹਿਆਂ ਵਿੱਚ ਨੌਕਰੀਆਂ ਦੀ ਪ੍ਰਕ੍ਰਿਤੀ ਵਿੱਚ ਵੀ ਬਹੁਤ ਤੇਜ਼ੀ ਨਾਲ ਬਦਲਾਅ ਆਇਆ ਹੈ। ਬਦਲਦੀਆਂ ਹੋਈਆਂ ਸਥਿਤੀਆਂ ਵਿੱਚ ਨੌਜਵਾਨਾਂ ਦੇ ਲਈ ਨਵੇਂ ਸੈਕਟਰ ਉਭਰ ਕੇ ਆਏ ਹਨ। ਕੇਂਦਰ ਸਰਕਾਰ ਇਨ੍ਹਾਂ ਨਵੇਂ ਸੈਕਟਰਾਂ ਨੂੰ ਵੀ ਨਿਰੰਤਰ ਪ੍ਰੋਤਸਾਹਿਤ ਕਰ ਰਹੀ ਹੈ। ਇਨ੍ਹਾਂ 12 ਵਰ੍ਹਿਆਂ ਵਿੱਚ ਦੇਸ਼ ਨੇ ਸਟਾਰਟਅੱਪ ਸੰਸਕ੍ਰਿਤੀ ਦੀ ਨਵੀਂ ਕ੍ਰਾਂਤੀ ਦੇਖੀ ਹੈ। 2014 ਵਿੱਚ ਦੇਸ਼ ਵਿੱਚ ਜਿੱਥੇ ਸਟਾਰਟਅੱਪ ਦੀ ਗਿਣਤੀ ਸੈਂਕੜਿਆਂ ਵਿੱਚ ਸੀ, ਉੱਥੇ ਇਨ੍ਹਾਂ ਦੀ ਗਿਣਤੀ ਅੱਜ 2 ਲੱਖ ਤੋਂ ਉੱਪਰ ਪਹੁੰਚ ਗਈ ਹੈ। ਅਨੁਮਾਨ ਇਹ ਹੈ ਕਿ ਇਨ੍ਹਾਂ ਸਟਾਰਟਅੱਪਸ ਨੇ ਘੱਟ ਤੋਂ ਘੱਟ 21 ਲੱਖ ਨੌਜਵਾਨਾਂ ਨੂੰ ਰੁਜ਼ਗਾਰ ਦਿੱਤੇ ਹਨ। ਇਨ੍ਹਾਂ 12 ਵਰ੍ਹਿਆਂ ਵਿੱਚ ਡ੍ਰੋਨ ਸੈਕਟਰ ਵਿੱਚ ਨਵਾਂ ਉਛਾਲ ਆਇਆ ਹੈ। ਫਰਟੀਲਾਈਜ਼ਰ ਦੇ ਛਿੜਕਾਅ ਤੋਂ ਲੈ ਕੇ ਦਵਾਈਆਂ ਦੀ ਸਪਲਾਈ ਤੱਕ ਵਿੱਚ ਡ੍ਰੋਨ ਦਾ ਇਸਤੇਮਾਲ ਵਧ ਰਿਹਾ ਹੈ। ਬੀਤੇ 12 ਸਾਲਾਂ ਵਿੱਚ ਭਾਰਤ ਸਰਕਾਰ ਨੇ ਮੁਦ੍ਰਾ ਯੋਜਨਾ ਦੇ ਤਹਿਤ 57 ਕਰੋੜ ਤੋਂ ਵੱਧ ਲੋਨ ਦੇ ਆਵੇਦਨ ਮਨਜ਼ੂਰ ਕੀਤੇ ਹਨ। ਕਰੀਬ-ਕਰੀਬ 12 ਕਰੋੜ ਤੋਂ ਵੱਧ ਲੋਕ ਅਜਿਹੇ ਹਨ, ਜਿਨ੍ਹਾਂ ਨੇ ਮੁਦ੍ਰਾ ਯੋਜਨਾ ਦੀ ਮਦਦ ਨਾਲ ਪਹਿਲੀ ਵਾਰ ਆਪਣੇ ਸੁਤੰਤਰ ਉੱਦਮ ਸ਼ੁਰੂ ਕੀਤੇ ਹਨ। ਪੀਐੱਲਆਈ ਯੋਜਨਾ ਦੇ ਤਹਿਤ ਕੇਂਦਰ ਸਰਕਾਰ ਮੈਨੂਫੈਕਚਰਿੰਗ ਦੇ ਲਈ ਲਗਭਗ 2 ਲੱਖ ਕਰੋੜ ਰੁਪਏ ਦੀ ਮਦਦ ਦੇ ਰਹੀ ਹੈ। ਇਹ ਰਾਸ਼ੀ ਭਾਰਤ ਨੂੰ ਦੁਨੀਆ ਦਾ ਮੈਨੂਫੈਕਚਰਿੰਗ ਹੱਬ ਬਣਾਉਣ ਦੇ ਨਾਲ ਹੀ ਲੱਖਾਂ ਨੌਜਵਾਨਾਂ ਨੂੰ ਰੁਜ਼ਗਾਰ ਵਿੱਚ ਵੀ ਸਹਾਇਤਾ ਕਰੇਗੀ।

## ਜੋਸ਼ ਨਾਲ ਭਰੇ ਨੌਜਵਾਨਾਂ ਨੂੰ ਮਿਲ ਰਹੇ ਹਨ ਨਵੇਂ ਮੌਕੇ

ਜਿਸ ਦੇਸ਼ ਦੇ ਨੌਜਵਾਨ ਉਤਸਾਹ ਅਤੇ ਜੋਸ਼ ਨਾਲ ਭਰੇ ਹੋਏ ਹੋਣ, ਉਸ ਦੇਸ਼ ਦੀ ਤਰਜੀਹ ਹਮੇਸ਼ਾ ਨੌਜਵਾਨ ਹੀ ਹੋਣਗੇ। ਅੱਜ ਦਾ ਭਾਰਤ ਵੀ ਆਪਣੇ ਸਾਰੇ ਨੌਜਵਾਨ ਸਾਥੀਆਂ ਦੇ ਲਈ ਉਹ ਪਲੈਟਫਾਰਮ ਦੇਣ ਦਾ ਯਤਨ ਕਰ ਰਿਹਾ ਹੈ, ਜੋ ਰਾਸ਼ਟਰ ਦੇ ਸੁਪਨਿਆਂ ਨੂੰ ਪੂਰਾ ਕਰਨ ਵਿੱਚ ਮਦਦ ਕਰ ਸਕੇ। ਭਾਰਤ ਦੀ ਡਿਜੀਟਲ ਕ੍ਰਾਂਤੀ ਹੋਵੇ, ਭਾਰਤ ਦੀ ਸਟਾਰਟਅੱਪ ਕ੍ਰਾਂਤੀ ਹੋਵੇ, ਇਨੋਵੇਸ਼ਨ ਕ੍ਰਾਂਤੀ ਹੋਵੇ, ਇਨ੍ਹਾਂ ਸਭ ਦਾ ਸਭ ਤੋਂ ਵੱਡਾ ਲਾਭ ਨੌਜਵਾਨਾਂ ਨੂੰ ਹੋ ਰਿਹਾ ਹੈ। ਅੱਜ ਭਾਰਤ ਜਿਸ ਤਰ੍ਹਾਂ ਆਪਣੇ ਰੱਖਿਆ ਖੇਤਰ ਵਿੱਚ ਲਗਾਤਾਰ ਸੁਧਾਰ ਕਰ ਰਿਹਾ ਹੈ, ਉਸ ਦਾ ਲਾਭ ਵੀ ਦੇਸ਼ ਦੇ ਨੌਜਵਾਨਾਂ ਨੂੰ ਹੋ ਰਿਹਾ ਹੈ। ਇੱਕ ਸਮਾਂ ਸੀ, ਜਦੋਂ ਅਸੌਲਟ ਰਾਈਫਲਾਂ ਅਤੇ ਬੁਲੇਟ ਪਰੂਫ ਜੈਕੇਟਾਂ ਤੱਕ ਵਿਦੇਸ਼ਾਂ ਤੋਂ ਮੰਗਵਾਏ ਜਾਂਦੇ ਸਨ ਪਰ ਅੱਜ ਸੈਨਾ ਦੀ ਜ਼ਰੂਰਤ ਦੇ ਸੈਂਕੜੇ ਅਜਿਹੇ ਸਾਮਾਨ ਹਨ, ਜੋ ਭਾਰਤ ਵਿੱਚ ਬਣ ਰਹੇ ਹਨ। ਇਹ ਸਾਰੇ ਅਭਿਆਨ, ਭਾਰਤ ਦੇ ਨੌਜਵਾਨਾਂ ਦੇ ਲਈ ਨਵੀਆਂ ਸੰਭਾਵਨਾਵਾਂ ਲੈ ਕੇ ਆਏ ਹਨ। ਹਾਲ ਹੀ ਵਿੱਚ ਦੇਸ਼ ਨੇ ਸਪੇਸ ਸੈਕਟਰ ਦੇ ਦੁਆਰ ਯੁਵਾ ਟੈਲੇਂਟ ਦੇ ਲਈ ਖੋਲ੍ਹ ਦਿੱਤੇ। ਨਤੀਜਾ ਹੋਇਆ ਕਿ ਦੇਖਦੇ ਹੀ ਦੇਖਦੇ ਪਹਿਲਾ ਪ੍ਰਾਈਵੇਟ ਸੈਟੇਲਾਈਟ ਲਾਂਚ ਕੀਤਾ ਗਿਆ। ਇਸ ਪ੍ਰਕਾਰ ਐਨੀਮੇਸ਼ਨ ਅਤੇ ਗੇਮਿੰਗ ਸੈਕਟਰ, ਪ੍ਰਤਿਭਾਸ਼ਾਲੀ ਨੌਜਵਾਨਾਂ ਦੇ ਲਈ ਮੌਕਿਆਂ ਦਾ ਵਿਸਤਾਰ ਲੈ ਕੇ ਆਇਆ ਹੈ। ਐਂਟਰਟੇਨਮੈਂਟ ਹੋਵੇ, ਲੌਜਿਸਟਿਕ ਹੋਵੇ, ਖੇਤੀਬਾੜੀ ਹੋਵੇ, ਹਰ ਥਾਂ ਡ੍ਰੋਨ ਟੈਕਨੋਲੋਜੀ ਆ ਰਹੀ ਹੈ।

ਬੀਤੇ 12 ਵਰ੍ਹਿਆਂ ਵਿੱਚ ਪੁਲਿਸ ਅਤੇ ਅਰਧਸੈਨਿਕ ਬਲਾਂ ਵਿੱਚ ਬੇਟੀਆਂ ਦੀ ਗਿਣਤੀ ਵਿੱਚ ਲਗਭਗ ਦੁੱਗਣਾ ਵਾਧਾ ਹੋਇਆ ਹੈ। ਸੈਨਾ ਦੀਆਂ ਤਿੰਨੋਂ ਬ੍ਰਾਂਚਾਂ ਵਿੱਚ

ਅਗ੍ਰਿਮ ਮੋਰਚਿਆਂ 'ਤੇ ਮਹਿਲਾਵਾਂ ਦੀ ਤੈਨਾਤੀ ਦਾ ਰਸਤਾ ਖੁੱਲ੍ਹ ਚੁੱਕਿਆ ਹੈ। ਅੱਜ ਮਹਿਲਾਵਾਂ ਭਾਰਤੀ ਜਲ ਸੈਨਾ ਵਿੱਚ ਪਹਿਲੀ ਵਾਰ ਅਗਨੀਵੀਰ ਦੇ ਰੂਪ ਵਿੱਚ, ਨਾਵਿਕ ਦੇ ਰੂਪ ਵਿੱਚ ਸ਼ਾਮਲ ਹੋਈਆਂ ਹਨ। ਮਹਿਲਾਵਾਂ ਨੇ ਹਥਿਆਰਬੰਦ ਬਲਾਂ ਵਿੱਚ ਲੜਾਕੂ ਭੂਮਿਕਾਵਾਂ ਵਿੱਚ ਵੀ ਪ੍ਰਵੇਸ਼ ਕਰਨਾ ਸ਼ੁਰੂ ਕੀਤਾ ਹੈ। ਕੇਂਦਰ ਸਰਕਾਰ ਵੱਲੋਂ ਸੈਨਿਕ ਸਕੂਲਾਂ ਵਿੱਚ ਬੇਟੀਆਂ ਦੀ ਐਡਮਿਸ਼ਨ ਦੀ ਇਜਾਜ਼ਤ ਵੀ ਦਿੱਤੀ ਗਈ ਹੈ। ਇਸੇ ਦਾ ਨਤੀਜਾ ਹੈ ਕਿ ਰਾਸ਼ਟਰੀ ਰੱਖਿਆ ਅਕਾਦਮੀ (ਐੱਨਡੀਏ) ਵਿੱਚ ਟ੍ਰੇਂਡ 17 ਮਹਿਲਾ ਕੈਡੇਟਾਂ ਦਾ ਪਹਿਲਾ ਬੈਚ 28 ਮਈ ਤੋਂ 13 ਜੂਨ ਦੇ ਦਰਮਿਆਨ ਰੱਖਿਆ ਬਲਾਂ ਵਿੱਚ ਅਧਿਕਾਰੀਆਂ ਦੇ ਰੂਪ ਵਿੱਚ ਕਮਿਸ਼ਨ ਹੋ ਗਿਆ ਹੈ। ਅਗਸਤ 2022 ਵਿੱਚ ਇਹ ਕੈਡਿਟ ਐੱਨਡੀਏ ਵਿੱਚ ਸ਼ਾਮਲ ਹੋਈਆਂ ਸਨ। ਇਹ ਉਪਲਬਧੀ ਦੇਸ਼ ਭਰ ਦੀਆਂ ਨੌਜਵਾਨ ਮਹਿਲਾਵਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵਰਦੀ ਵਿੱਚ ਕਰੀਅਰ ਬਣਾਉਣ ਅਤੇ ਰਾਸ਼ਟਰ ਨਿਰਮਾਣ ਵਿੱਚ ਯੋਗਦਾਨ ਦੇਣ ਦੇ ਲਈ ਪ੍ਰੇਰਿਤ ਕਰੇਗੀ।

ਅੱਜ ਨੌਜਵਾਨਾਂ ਦੇ ਲਈ ਸਵੈ-ਪ੍ਰਮਾਣਨ ਦੀ ਸੁਵਿਧਾ ਹੈ, ਜਦਕਿ ਪਹਿਲਾਂ ਪ੍ਰਮਾਣ ਪੱਤਰ ਨੂੰ ਕਿਸੇ ਗਜ਼ਟਿਡ ਅਧਿਕਾਰੀ ਤੋਂ ਪ੍ਰਮਾਣਿਤ ਕਰਵਾਉਣਾ ਪੈਂਦਾ ਸੀ। ਗਰੁੱਪ-ਸੀ, ਡੀ ਦੇ ਅਹੁਦਿਆਂ 'ਤੇ ਭਰਤੀ ਦੇ ਲਈ ਇੰਟਰਵਿਊ ਖਤਮ ਕਰ ਦਿੱਤੇ ਗਏ ਹਨ। ਤਕਨੀਕ ਦੇ ਇਸ ਯੁੱਗ ਵਿੱਚ ਨੌਜਵਾਨ ਪਿੰਡ-ਪਿੰਡ ਵਿੱਚ ਨਵੇਂ ਡਿਜੀਟਲ ਉੱਦਮੀ ਬਣ ਰਹੇ ਹਨ। ਕੇਂਦਰ ਸਰਕਾਰ ਦੀਆਂ ਯੋਜਨਾਵਾਂ ਨਾਲ ਦੇਸ਼ ਵਿੱਚ ਰੁਜ਼ਗਾਰ ਅਤੇ ਸਵੈਰੁਜ਼ਗਾਰ ਦੇ ਮੌਕੇ ਲਗਾਤਾਰ ਵਧ ਰਹੇ ਹਨ। ਇਸ ਤੋਂ ਇਲਾਵਾ ਕੇਂਦਰ ਸਰਕਾਰ ਨੇ ਨੌਜਵਾਨਾਂ ਨੂੰ 10 ਲੱਖ ਸਥਾਈ ਸਰਕਾਰੀ ਨੌਕਰੀਆਂ ਦੇਣ ਦੇ ਲਈ ਰੁਜ਼ਗਾਰ ਮੇਲਿਆਂ ਦਾ ਆਯੋਜਨ ਸ਼ੁਰੂ ਕੀਤਾ, ਪਰ ਨਤੀਜਾ ਦੇਖੋ ਕਿ ਹੁਣ ਤੱਕ 12 ਲੱਖ ਤੋਂ ਵੱਧ ਨਿਯੁਕਤੀ ਪੱਤਰ ਇਨ੍ਹਾਂ ਮੇਲਿਆਂ ਰਾਹੀਂ ਸੌਂਪੇ ਜਾ ਚੁੱਕੇ ਹਨ। ਪੀਐੱਮ ਵਿਕਸਿਤ ਭਾਰਤ ਰੁਜ਼ਗਾਰ ਯੋਜਨਾ ਜਿਹੀ ਪਹਿਲ ਅੱਜ ਅਧਾਰ ਬਣ ਗਈ ਹੈ। ਇੰਨੀ ਵੱਡੀ ਨੌਜਵਾਨ ਸ਼ਕਤੀ ਜਦੋਂ ਰਾਸ਼ਟਰ ਨਿਰਮਾਣ ਵਿੱਚ ਜੁਟੇਗੀ, ਤਾਂ ਕੋਈ ਵੀ ਟੀਚਾ ਅਸੰਭਵ ਨਹੀਂ ਰਹਿ ਜਾਵੇਗਾ। ਹਾਲ ਹੀ ਵਿੱਚ ਪ੍ਰਸਤਾਵਿਤ ਰਾਸ਼ਟਰੀ ਯੁਵਾ ਨੀਤੀ 2025 ਦਾ ਢਾਂਚਾ ਭਵਿੱਖ ਦੇ ਲਈ ਜ਼ਰੂਰੀ ਹੁਨਰ, ਉੱਦਮਤਾ, ਅਗਵਾਈ, ਨਾਗਰਿਕ ਭਾਗੀਦਾਰੀ, ਡਿਜੀਟਲ ਭਾਗੀਦਾਰੀ ਅਤੇ ਟਿਕਾਊ ਵਿਕਾਸ ਜਿਹੀਆਂ ਉਭਰਦੀਆਂ ਪ੍ਰਾਥਮਿਕਤਾਵਾਂ 'ਤੇ ਹੋਰ ਜ਼ੋਰ ਦਿੰਦਾ ਹੈ।

ਦਰਅਸਲ, ਕਿਸੇ ਵੀ ਰਾਸ਼ਟਰ ਨੂੰ ਚਲਾਉਣ ਦੇ ਲਈ ਜੋ ਊਰਜਾ ਸਭ ਤੋਂ ਮਹੱਤਵਪੂਰਨ ਹੁੰਦੀ ਹੈ, ਉਹ ਊਰਜਾ ਹੈ ਨੌਜਵਾਨ। ਉਮਰ ਦੇ ਇਸ ਪੜਾਅ 'ਤੇ ਇੱਕ ਜੋਸ਼ ਅਤੇ ਜਨੂੰਨ ਹੁੰਦਾ ਹੈ। ਬਹੁਤ ਸਾਰੇ ਸੁਪਨੇ ਹੁੰਦੇ ਹਨ ਅਤੇ ਜਦੋਂ ਸੁਪਨੇ ਸੰਕਲਪ ਬਣ ਜਾਣ ਅਤੇ ਸੰਕਲਪ ਦੇ ਲਈ ਜੀਵਨ ਜੁਟ ਜਾਵੇ ਤਾਂ ਜ਼ਿੰਦਗੀ ਵੀ ਸਫਲ ਹੋ ਜਾਂਦੀ ਹੈ।

## ਨੌਜਵਾਨਾਂ ਨੂੰ ਹੁਨਰ ਵਿਕਾਸ ਦੇ ਮੌਕੇ

**ਸਕਿੱਲ ਇੰਡੀਆ ਮਿਸ਼ਨ 2015 ਵਿੱਚ ਸ਼ੁਰੂ ਕੀਤਾ ਗਿਆ। ਹੁਨਰ ਵਿਕਾਸ ਦੇ ਵੱਡੇ ਨੈੱਟਵਰਕ ਦੇ ਜ਼ਰੀਏ ਸਕੀਲਿੰਗ, ਰੀ-ਸਕਿੱਲਿੰਗ ਅਤੇ ਅੱਪ-ਸਕਿੱਲਿੰਗ ਟ੍ਰੇਨਿੰਗ ਦਿੱਤੀ ਜਾਂਦੀ ਹੈ। ਇਸ ਮਿਸ਼ਨ ਵਿੱਚ ਕਈ ਪੱਧਰਾਂ' ਤੇ ਵਿਵਸਥਾ ਕੀਤੀ ਗਈ...**

- ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ।
- ਜਨ ਸ਼ਿਕਸ਼ਣ ਸੰਸਥਾਨ।
- ਨੈਸ਼ਨਲ ਅਪ੍ਰੈਂਟਿਸਸ਼ਿਪ ਪ੍ਰਮੋਸ਼ਨ ਸਕੀਮ।
- ਉਦਯੋਗਿਕ ਟ੍ਰੇਨਿੰਗ ਸੰਸਥਾਨ ਵਿੱਚ ਕ੍ਰਾਫਟਮੈਨ ਟ੍ਰੇਨਿੰਗ ਸਕੀਮ।

**2.31** ਲੱਖ ਨਾਮਾਂਕਣ ਏਆਈ ਦੀ ਤਿਆਰੀ ਦੇ ਲਈ ਹੁਨਰ ਵਿਕਾਸ (SOAR) ਵਿੱਚ ਕਰਵਾਏ ਗਏ, ਇਹ 6 ਤੋਂ 12ਵੀਂ ਕਲਾਸ ਦੇ ਸਕੂਲੀ ਵਿਦਿਆਰਥੀਆਂ ਵਿੱਚ ਏਆਈ ਦੇ ਬੁਨਿਆਦੀ ਹੁਨਰ ਦਾ ਕੋਰਸ ਹੈ।




**63** ਹਜ਼ਾਰ ਤੋਂ ਵੱਧ ਇੰਟਰਨਸ਼ਿਪ ਦੇ ਮੌਕੇ ਪ੍ਰਧਾਨ ਮੰਤਰੀ ਇੰਟਰਨਸ਼ਿਪ ਯੋਜਨਾ ਵਿੱਚ ਉਪਲਬਧ ਹਨ। ਇਸ ਦੀ ਸ਼ੁਰੂਆਤ ਅਕਤੂਬਰ, 2024 ਵਿੱਚ ਨੌਜਵਾਨਾਂ ਨੂੰ ਯੋਜਨਾਬੱਧ ਅਤੇ ਪੇਡ ਇੰਟਰਨਸ਼ਿਪ ਦੇ ਮੌਕੇ ਦੇਣ ਦੇ ਲਈ ਹੋਈ।

**3.45** ਕਰੋੜ ਤੋਂ ਵੱਧ 18-28 ਸਾਲ ਦੇ ਨੌਜਵਾਨ ਰਸਮੀ ਕਾਰਜਬਲ ਵਿੱਚ ਸ਼ਾਮਲ ਹੋਏ, ਈਪੀਐੱਫਓ ਦੇ ਅੰਕੜੇ।








## ਰਾਸ਼ਟਰੀ ਯੁਵਾ ਨੀਤੀ...

ਰਾਸ਼ਟਰੀ ਯੁਵਾ ਨੀਤੀ (ਐੱਨਵਾਈਪੀ) 2014 ਨੇ ਦੇਸ਼ ਵਿੱਚ ਨੌਜਵਾਨਾਂ ਦੇ ਵਿਕਾਸ ਦੇ ਲਈ ਬੁਨਿਆਦੀ ਢਾਂਚਾ ਤਿਆਰ ਕੀਤਾ। ਨੀਤੀ ਵਿੱਚ 15-29 ਸਾਲ ਵਾਲਿਆਂ ਨੂੰ ਨੌਜਵਾਨ ਮੰਨਿਆ ਗਿਆ। ਸਿੱਖਿਆ, ਰੁਜ਼ਗਾਰ, ਹੁਨਰ ਵਿਕਾਸ, ਸਿਹਤ, ਖੇਡ, ਸਮਾਜਿਕ ਭਾਗੀਦਾਰੀ ਅਤੇ ਸਸ਼ਕਤੀਕਰਣ ਦੇ ਖੇਤਰ ਵਿੱਚ ਸਮਾਵੇਸ਼ ਅਤੇ ਸੰਸਥਾਗਤ ਮਜ਼ਬੂਤੀ 'ਤੇ ਧਿਆਨ ਦਿੱਤਾ ਗਿਆ।



ਭਾਰਤ ਦੇ ਨੌਜਵਾਨਾਂ ਦੇ ਲਈ ਇਹ ਸਮਾਂ ਨਵੇਂ ਮੌਕਿਆਂ ਦਾ ਸਮਾਂ ਹੈ। ਹਰ ਪਾਸੇ ਇੱਕ ਹੀ ਚਰਚਾ ਹੈ ਕਿ ਭਾਰਤ ਦਾ ਸਮਾਂ ਆ ਗਿਆ ਹੈ, ਅੱਜ ਪੂਰੀ ਦੁਨੀਆ ਭਾਰਤ ਵੱਲ ਦੇਖ ਰਹੀ ਹੈ। ਇਸ ਦੇ ਪਿੱਛੇ ਸਭ ਤੋਂ ਵੱਡੀ ਵਜ੍ਹਾ ਹੈ, ਭਾਰਤ ਦਾ ਨੌਜਵਾਨ। ਸਹੀ ਅਰਥਾਂ ਵਿੱਚ ਯੁਵਾ ਸ਼ਕਤੀ ਭਾਰਤ ਦੀ ਵਿਕਾਸ ਯਾਤਰਾ ਦੀ ਪ੍ਰੇਰਕ ਸ਼ਕਤੀ ਹੈ। ਅਜਿਹੇ ਵਿੱਚ ਇੱਕ ਰਾਸ਼ਟਰ ਜੋ ਸਮਾਵੇਸ਼ੀ ਪ੍ਰਗਤੀ ਦਾ ਟੀਚਾ ਰੱਖਦਾ ਹੈ, ਆਪਣੀ ਯੁਵਾ ਸ਼ਕਤੀ ਦੇ ਸਰਵਪੱਖੀ ਵਿਕਾਸ ਵਿੱਚ ਨਿਵੇਸ਼ ਨਾ ਕਰਨ ਦਾ ਜੋਖਮ ਨਹੀਂ ਚੁੱਕ ਸਕਦਾ ਹੈ।

ਭਾਰਤ ਵਿਸ਼ਵ ਦੀ ਸਭ ਤੋਂ ਵੱਧ ਯੁਵਾ ਸ਼ਕਤੀ ਵਾਲਾ ਰਾਸ਼ਟਰ ਹੈ। ਇੰਨੀ ਵੱਡੀ

> "ਅੱਜ ਪੂਰੀ ਦੁਨੀਆ ਭਾਰਤ ਦੇ ਨੌਜਵਾਨਾਂ ਨੂੰ ਬਹੁਤ ਵੱਡੇ ਭਰੋਸੇ ਦੇ ਨਾਲ ਦੇਖ ਰਹੀ ਹੈ। ਉਸ ਭਰੋਸੇ ਦਾ ਕਾਰਨ ਭਾਰਤ ਦੇ ਨੌਜਵਾਨਾਂ ਦੇ 'ਹੁਨਰ ਅਤੇ ਸੰਸਕਾਰ' ਹਨ।"
>
> **-ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਯੁਵਾ ਸ਼ਕਤੀ ਵਾਲਾ ਰਾਸ਼ਟਰ ਛੋਟੇ ਸੁਪਨੇ ਨਹੀਂ ਦੇਖ ਸਕਦਾ। ਇਸ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਵਿਜ਼ਨ ਦੇ ਅਨੁਰੂਪ ਨੌਜਵਾਨਾਂ ਨੂੰ ਵੱਡਾ ਸੋਚਣ ਦਾ ਮੌਕਾ ਮਿਲ ਰਿਹਾ ਹੈ, ਤਾਂ ਜੋ ਉਹ ਵੱਡੇ ਸੁਪਨੇ ਦੇਖ ਸਕਣ ਅਤੇ ਉਨ੍ਹਾਂ ਦੀ ਪੂਰਤੀ ਕਰ ਸਕਣ। ਇਸੇ ਸੋਚ ਦੇ ਨਾਲ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਆਪਣੀ ਯੁਵਾ ਭਲਾਈ ਨੀਤੀਆਂ ਅਤੇ ਦੂਰਦ੍ਰਿਸ਼ਟੀ ਦੇ ਜ਼ਰੀਏ ਉਨ੍ਹਾਂ ਦੀ ਸਮਰੱਥਾ ਨੂੰ ਪਛਾਣ ਰਹੀ ਹੈ ਅਤੇ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਦੇ ਲਈ ਉਨ੍ਹਾਂ ਨੂੰ ਮੌਕੇ ਮੁਹੱਈਆ ਕਰਵਾ ਰਹੀ ਹੈ।

ਭਾਵੇਂ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਹੋਵੇ ਜਾਂ ਹੁਨਰ ਵਿਕਾਸ ਮਿਸ਼ਨ, ਸਟਾਰਟਅੱਪ ਕ੍ਰਾਂਤੀ ਹੋਵੇ ਜਾਂ ਨੌਜਵਾਨਾਂ ਦੇ ਸੁਪਨਿਆਂ ਨੂੰ ਉਡਾਣ ਦੇਣ ਵਾਲੀ ਨੀਤੀਆਂ ਅੱਜ ਕੇਂਦਰ ਸਰਕਾਰ ਦੀ ਸਹੀ ਨੀਅਤ ਅਤੇ ਨਵੇਂ ਮੌਕਿਆਂ ਦੇ ਦਮ 'ਤੇ ਯੁਵਾ ਦੇਸ਼ ਦੀ ਪ੍ਰਗਤੀ ਦੇ ਸਾਰਥੀ ਬਣ ਰਹੇ ਹਨ। ਉਨ੍ਹਾਂ ਦਾ ਇਹੀ ਸੰਕਲਪ, ਵਿਕਸਿਤ ਅਤੇ ਸਸ਼ਕਤ ਭਾਰਤ ਦੇ ਸੁਪਨੇ ਨੂੰ ਸੱਚ ਕਰਨ ਦੀ ਦਿਸ਼ਾ ਵਿੱਚ ਅੱਗੇ ਵਧ ਰਿਹਾ ਹੈ। ■



ਪ੍ਰਤੀਕਾਤਮਕ ਫੋਟੋ

**ਕੇਂਦਰੀ ਕੈਬਨਿਟ ਦੇ ਫੈਸਲੇ**

# ਦਿੱਲੀ ਨੂੰ 6 ਲੇਨ ਸੁਰੰਗ ਯੂਪੀ ਨੂੰ ਨਵਾਂ ਹਾਈਵੇਅ

*ਮਜ਼ਬੂਤ ਕਨੈਕਟੀਵਿਟੀ ਅਤੇ ਬਿਹਤਰ ਇਨਫ੍ਰਾਸਟ੍ਰਕਚਰ ਨਾਲ ਨਾ ਸਿਰਫ ਯਾਤਰਾ ਅਸਾਨ ਹੁੰਦੀ ਹੈ ਸਗੋਂ ਵਪਾਰ ਵੀ ਵਧਦਾ ਹੈ। ਸਮੇਂ ਦੀ ਬੱਚਤ ਹੁੰਦੀ ਹੈ, ਘੱਟ ਈਂਧਣ ਖਪਤ ਨਾਲ ਪ੍ਰਦੂਸ਼ਣ ਵੀ ਘੱਟ ਹੁੰਦਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਹਮੇਸ਼ਾ ਕਹਿੰਦੇ ਹਨ ਕਿ ਇਹ ਸੜਕ ਨਹੀਂ ਹੁੰਦੀ, ਸਮੁੱਚੇ ਖੇਤਰ ਵਿੱਚ ਵਪਾਰ, ਉਦਯੋਗ, ਭੰਡਾਰਣ ਅਤੇ ਲੌਜਿਸਟਿਕਸ ਦੇ ਨਵੇਂ ਰਸਤੇ ਖੋਲ੍ਹਦੀ ਹੈ। ਇਸੇ ਕੜੀ ਵਿੱਚ 1 ਜੁਲਾਈ ਨੂੰ ਕੇਂਦਰੀ ਕੈਬਨਿਟ ਨੇ ਦਿੱਲੀ ਅਤੇ ਉੱਤਰ ਪ੍ਰਦੇਸ਼ ਦੇ ਲਈ 14,000 ਕਰੋੜ ਰੁਪਏ ਤੋਂ ਵੱਧ ਦੇ ਦੋ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ। ਇਸ ਫੈਸਲੇ ਨਾਲ ਦਿੱਲੀ ਨੂੰ ਛੇ ਲੇਨ ਵਾਲੀ ਸੁਰੰਗ ਮਿਲੇਗੀ ਤਾਂ ਯੂਪੀ ਵਿੱਚ ਬਣੇਗਾ ਚਾਰ ਲੇਨ ਦਾ ਐਕਸੈੱਸ-ਕੰਟ੍ਰੋਲਡ ਗ੍ਰੀਨਫੀਲਡ ਨਵਾਂ ਹਾਈਵੇਅ...*




**ਫੈਸਲੇ:** ਐੱਨਐੱਚ (ਓ) ਯੋਜਨਾ ਦੇ ਤਹਿਤ ਹਾਈਬ੍ਰਿਡ ਸਲਾਨਾ ਮੋਡ (ਐੱਚਐੱਮ) 'ਤੇ ਦਵਾਰਕਾ ਐਕਸਪ੍ਰੈੱਸਵੇਅ (ਐੱਨਐੱਚ 248 ਬੀਬੀ) ਨੂੰ ਨੇਲਸਨ ਮੰਡੇਲਾ ਮਾਰਗ, ਵਸੰਤ ਕੁੰਜ, ਦਿੱਲੀ ਨਾਲ ਜੋੜਣ ਵਾਲੇ ਐੱਨਐੱਚ-148ਏਈ ਦੇ ਲਈ 6 ਲੇਨ ਦੀ ਸੜਕ ਸੁਰੰਗ ਦੇ ਨਿਰਮਾਣ ਨੂੰ ਪ੍ਰਵਾਨਗੀ।

**ਪ੍ਰਭਾਵ:** ਇਹ ਪ੍ਰੋਜੈਕਟ 8.1 ਕਿਲੋਮੀਟਰ ਲੰਬਾ ਹੋਵੇਗਾ, ਜਿਸ ਦੀ ਕੁੱਲ ਲਾਗਤ 6,969.67 ਕਰੋੜ ਰੁਪਏ ਹੈ।

- ਇਸ ਨਾਲ ਦਵਾਰਕਾ ਐਕਸਪ੍ਰੈੱਸਵੇਅ ਦੇ ਸ਼ਿਵਮੂਰਤੀ ਇੰਟਰਚੇਂਜ ਨਾਲ ਨੇਲਸਨ ਮੰਡੇਲਾ ਮਾਰਗ ਅਤੇ ਵਸੰਤ ਕੁੰਜ ਜੁੜ ਜਾਣਗੇ।
- ਪੱਛਮ ਅਤੇ ਦੱਖਣ ਦਿੱਲੀ ਦੇ ਵਿੱਚ ਤੇਜ਼ ਕਨੈਕਟੀਵਿਟੀ ਸਥਾਪਿਤ ਹੋਵੇਗੀ।
- ਧੌਲਾ ਕੂੰਆਂ-ਆਈਜੀਆਈ ਏਅਰਪੋਰਟ, ਛਤਰਪੁਰ-ਮਹਿਪਾਲਪੁਰ/ਆਈਜੀਆਈ ਏਅਰਪੋਰਟ ਅਤੇ ਰੰਗਪੁਰੀ ਦਾ ਟ੍ਰੈਫਿਕ ਜਾਮ ਘੱਟ ਹੋਵੇਗਾ।
- ਇਸ ਤੋਂ ਇਲਾਵਾ, ਗੁਰੂਗ੍ਰਾਮ, ਦਵਾਰਕਾ, ਆਈਜੀਆਈ ਹਵਾਈ ਅੱਡੇ ਅਤੇ ਪੱਛਮੀ ਦਿੱਲੀ ਤੋਂ ਦੱਖਣੀ ਦਿੱਲੀ ਦੇ ਵੱਲ ਜਾਣ ਵਾਲੇ ਯਾਤਰੀਆਂ ਨੂੰ ਵੀ ਲਾਭ ਮਿਲੇਗਾ।
- ਭੂਮੀਗਤ ਦੋਹਰੀ ਸੁਰੰਗ ਨਾਲ ਆਵਾਜਾਈ ਰੁਕਾਵਟ ਘੱਟ ਤੋਂ ਘੱਟ ਹੋਵੇਗੀ।
- ਦੱਖਣੀ ਰਿਜ ਵਨ (ਸੁਰੰਗ ਦਾ 1.98 ਕਿਲੋਮੀਟਰ ਹਿੱਸਾ ਰਿਜ ਦੇ ਹੇਠਾਂ ਤੋਂ ਗੁਜਰਦਾ ਹੈ) ਸੁਰੱਖਿਅਤ ਰਹੇਗਾ।
- ਪ੍ਰੋਜੈਕਟ ਨਾਲ ਪ੍ਰਤੀਦਿਨ ਲਗਭਗ 37,000 ਯਾਤਰੀ ਕਾਰ ਯੂਨਿਟ (PCU) ਦੇ ਬਰਾਬਰ ਟ੍ਰੈਫਿਕ ਨੂੰ ਰਾਹਤ ਮਿਲੇਗੀ।
- ਪ੍ਰੋਜੈਕਟ ਪੀਐੱਮ ਗਤੀ ਸ਼ਕਤੀ ਦੇ 6 ਆਰਥਿਕ ਕੇਂਦਰਾਂ ਅਤੇ 4 ਲੌਜਿਸਟਿਕਸ ਕੇਂਦਰਾਂ ਨੂੰ ਆਪਸ ਵਿੱਚ ਜੋੜਨ ਦੀ ਸੁਵਿਧਾ ਪ੍ਰਦਾਨ ਕਰੇਗੀ।
- ਅਨੁਮਾਨ ਹੈ ਕਿ ਰਾਸ਼ਟਰੀ ਰਾਜਮਾਰਗ ਦੇ ਹਰੇਕ ਲੇਨ-ਕਿਲੋਮੀਟਰ ਦੇ ਵਿਕਾਸ ਨਾਲ ਔਸਤਨ 264 ਵਿਅਕਤੀ-ਦਿਵਸ ਦਾ ਪ੍ਰਤੱਖ ਰੁਜ਼ਗਾਰ ਅਤੇ ਔਸਤਨ 55 ਵਿਅਕਤੀ-ਦਿਵਸ ਦਾ ਅਪ੍ਰਤੱਖ ਰੁਜ਼ਗਾਰ ਪੈਦਾ ਹੋਵੇਗਾ।



ਪ੍ਰਤੀਕਾਤਮਕ ਫੋਟੋ

**ਫੈਸਲੇ:** ਉੱਤਰ ਪ੍ਰਦੇਸ਼ ਵਿੱਚ ਐੱਨਐੱਚ-34 ਦੇ ਕਾਨਪੁਰ-ਕਬਰਾਈ ਸੈਕਸ਼ਨ ਦੇ 4/6 ਲੇਨ ਵਾਲੇ ਐਕਸੈੱਸ-ਕੰਟ੍ਰੋਲਡ ਸੈਕਸ਼ਨ ਦੇ ਨਿਰਮਾਣ ਨੂੰ ਬੀਓਟੀ (ਟੋਲ) ਮੋਡ 'ਤੇ 7145.14 ਕਰੋੜ ਰੁਪਏ ਦੀ ਕੁੱਲ ਪੂੰਜੀ ਲਾਗਤ ਨਾਲ ਮਨਜ਼ੂਰੀ।

**ਪ੍ਰਭਾਵ:** ਇਹ ਚਾਰ ਲੇਨ ਦਾ ਐਕਸੈੱਸ-ਕੰਟ੍ਰੋਲਡ ਕੌਰੀਡੋਰ ਹੈ ਜਿਸ ਵਿੱਚ ਭਵਿੱਖ ਵਿੱਚ ਛੇ ਲੇਨ ਤੱਕ ਵਿਸਤਾਰਿਤ ਕਰਨ ਦੀ ਵਿਵਸਥਾ ਵੀ ਹੈ। ਇਹ ਭੋਪਾਲ-ਕਾਨਪੁਰ ਆਰਥਿਕ ਕੌਰੀਡੋਰ ਦਾ ਹਿੱਸਾ ਹੈ।

- ਇਹ ਪ੍ਰੋਜੈਕਟ ਕਾਨਪੁਰ ਅਤੇ ਕਬਰਾਈ ਦੇ ਵਿੱਚ ਨਿਰਵਿਘਨ, ਉੱਚ ਗਤੀ ਦੀ ਕਨੈਕਟੀਵਿਟੀ ਪ੍ਰਦਾਨ ਕਰੇਗਾ।
- ਨਾਲ ਹੀ ਸਾਗਰ, ਭੋਪਾਲ ਅਤੇ ਮੱਧ ਪ੍ਰਦੇਸ਼ ਦੇ ਹੋਰ ਹਿੱਸਿਆਂ ਤੱਕ ਅੱਗੇ ਦੀ ਕਨੈਕਟੀਵਿਟੀ ਨੂੰ ਮਜ਼ਬੂਤ ਕਰੇਗਾ, ਜਿਸ ਨਾਲ ਉੱਤਰ ਪ੍ਰਦੇਸ਼ ਦੇ ਉਦਯੋਗਿਕ ਅਤੇ ਵਣਜਕ ਕੇਂਦਰਾਂ ਨੂੰ ਮੱਧ ਪ੍ਰਦੇਸ਼ ਦੇ ਖਣਿਜ-ਸਮ੍ਰਿੱਧ, ਨਿਰਮਾਣ ਅਤੇ ਖੇਤੀਬਾੜੀ ਖੇਤਰਾਂ ਨਾਲ ਜੋੜਨ ਵਾਲਾ ਇੱਕ ਆਧੁਨਿਕ ਪਹੁੰਚ ਨਿਯੰਤ੍ਰਿਤ ਆਰਥਿਕ ਕੌਰੀਡੋਰ ਬਣੇਗਾ।
- ਇਹ ਪ੍ਰੋਜੈਕਟ ਉੱਤਰ ਪ੍ਰਦੇਸ਼ ਦੇ ਕਾਨਪੁਰ, ਹਮੀਰਪੁਰ ਅਤੇ ਮੱਧ ਪ੍ਰਦੇਸ਼ ਦੇ ਅਭਿਲਾਸ਼ੀ ਜ਼ਿਲ੍ਹੇ ਮਹੋਬਾ ਨੂੰ ਕਵਰ ਕਰੇਗਾ।
- 80-100 ਕਿਲੋਮੀਟਰ ਪ੍ਰਤੀ ਘੰਟੇ ਦੀ ਸੰਚਾਲਨ ਗਤੀ ਦੇ ਲਈ ਡਿਜ਼ਾਈਨ ਕੀਤਾ ਗਿਆ ਇਹ ਕੌਰੀਡੋਰ ਕਾਨਪੁਰ ਅਤੇ ਕਬਰਾਈ ਦੇ ਵਿੱਚ ਯਾਤਰਾ ਸਮੇਂ ਨੂੰ 3.5 ਘੰਟੇ ਤੋਂ ਘਟਾ ਕੇ 1.5 ਘੰਟੇ (58 ਪ੍ਰਤੀਸ਼ਤ) ਕਰ ਦੇਵੇਗਾ।




**ਐੱਨਡੀਏ 3.0 ਵਿੱਚ ਕੁੱਲ 26 ਲੱਖ ਕਰੋੜ ਰੁਪਏ ਦੇ ਇਨਫ੍ਰਾ ਪ੍ਰੋਜੈਕਟ ਨੂੰ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ।**

- ਨਾਲ ਹੀ ਸੜਕ ਸੁਰੱਖਿਆ ਵਿੱਚ ਸੁਧਾਰ ਕਰੇਗਾ, ਵਾਹਨ ਸੰਚਾਲਨ ਲਾਗਤ ਨੂੰ ਘੱਟ ਕਰੇਗਾ ਅਤੇ ਯਾਤਰੀ ਅਤੇ ਮਾਲ ਆਵਾਜਾਈ ਦੀ ਕੁਸ਼ਲ ਆਵਾਜਾਈ ਨੂੰ ਸੁਗਮ ਬਣਾਏਗਾ।
- ਪ੍ਰੋਜੈਕਟ ਪੀਐੱਮ ਗਤੀ ਸ਼ਕਤੀ ਦੇ 4 ਆਰਥਿਕ ਕੇਂਦਰਾਂ ਅਤੇ 10 ਲੌਜਿਸਟਿਕਸ ਕੇਂਦਰਾਂ ਨੂੰ ਆਪਸ ਵਿੱਚ ਜੋੜਨ ਦੀ ਸੁਵਿਧਾ ਪ੍ਰਦਾਨ ਕਰੇਗਾ।
- ਇਸ ਪ੍ਰੋਜੈਕਟ ਨਾਲ ਨਿਰਮਾਣ ਦੌਰਾਨ ਪ੍ਰਤੀ ਲੇਨ ਪ੍ਰਤੀ ਕਿਲੋਮੀਟਰ ਲਗਭਗ 11,188 ਪ੍ਰਤੱਖ ਅਤੇ 13,985 ਅਪ੍ਰਤੱਖ ਮਨੁੱਖੀ-ਦਿਵਸ ਰੁਜ਼ਗਾਰ ਪੈਦਾ ਹੋਣ ਦੀ ਉਮੀਦ ਹੈ।




# ਭਵਿੱਖ ਦੀ ਅਰਥਵਿਵਸਥਾ ਦਾ ਅਗਵਾਈਕਰਤਾ ਬਣੇਗਾ ਭਾਰਤ

*ਵਿਕਸਿਤ ਭਾਰਤ ਦਾ ਰਸਤਾ ਨੌਜਵਾਨਾਂ ਦੇ ਹੁਨਰ ਅਤੇ ਉਨ੍ਹਾਂ ਦੇ ਸਮਰੱਥ 'ਤੇ ਹੀ ਟਿਕਿਆ ਹੈ। ਇਹੀ ਵਜ੍ਹਾ ਹੈ ਕਿ ਨੌਜਵਾਨਾਂ ਦੇ ਸੁਪਨਿਆਂ ਨੂੰ ਉਡਾਣ ਦੇਣ ਦੇ ਲਈ ਕੇਂਦਰ ਸਰਕਾਰ ਲਗਾਤਾਰ ਨਵੇਂ ਮੌਕੇ ਦੇ ਰਹੀ ਹੈ। ਇਸੇ ਕੜੀ ਵਿੱਚ, ਪਹਿਲੀ ਵਾਰ ਨੌਕਰੀ ਪਾਉਣ ਵਾਲੇ ਨੌਜਵਾਨਾਂ ਨੂੰ ਅੱਗੇ ਵਧਾਉਣ ਅਤੇ ਉਦਯੋਗਾਂ ਦੇ ਨਾਲ ਉਨ੍ਹਾਂ ਦਾ ਤਾਲਮੇਲ ਬਿਠਾਉਣ ਦੇ ਲਈ 'ਪ੍ਰਧਾਨ ਮੰਤਰੀ ਵਿਕਸਿਤ ਭਾਰਤ ਰੁਜ਼ਗਾਰ ਯੋਜਨਾ' ਸ਼ੁਰੂ ਕੀਤੀ ਗਈ ਹੈ। ਇਸ ਯੋਜਨਾ ਦੇ ਤਹਿਤ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 19 ਜੂਨ ਨੂੰ 2,400 ਕਰੋੜ ਰੁਪਏ ਦੀ ਪ੍ਰੋਤਸਾਹਨ ਰਾਸ਼ੀ ਦੀ ਕੀਤੀ ਵੰਡ...*

ਪ੍ਰਧਾਨ ਮੰਤਰੀ ਮੋਦੀ ਦਾ ਮੰਨਣਾ ਹੈ ਕਿ 21ਵੀਂ ਸਦੀ ਵਿੱਚ ਤਰੱਕੀ ਉਹੀ ਦੇਸ਼ ਕਰਨਗੇ, ਜਿਨ੍ਹਾਂ ਦੇ ਕੋਲ ਹੁਨਰ, ਨਵੇਂ ਵਿਚਾਰ ਅਤੇ ਗੁਣਵੱਤਾ ਹੋਵੇਗੀ। ਇਸ ਲਈ ਕੇਂਦਰ ਸਰਕਾਰ ਨੌਜਵਾਨਾਂ ਨੂੰ ਇਨ੍ਹਾਂ ਖੂਬੀਆਂ ਨਾਲ ਜੋੜਨ ਦੇ ਲਈ ਲਗਾਤਾਰ ਕੰਮ ਕਰ ਰਹੀ ਹੈ। ਭਾਵੇਂ ਨੌਜਵਾਨਾਂ ਦਾ ਹੁਨਰ ਵਿਕਾਸ ਕਰਨਾ ਹੋਵੇ, ਉਨ੍ਹਾਂ ਦੇ ਨਵੇਂ ਵਿਚਾਰਾਂ ਨੂੰ ਦੁਨੀਆ ਭਰ ਵਿੱਚ ਪਛਾਣ ਦਿਵਾਉਣੀ ਹੋਵੇ ਜਾਂ ਪਹਿਲੀ ਵਾਰ ਨੌਕਰੀ ਦੇਣ ਵਾਲੇ ਉਦਯੋਗਾਂ ਨੂੰ ਹੁਲਾਰਾ ਦੇਣਾ ਹੋਵੇ, ਸਰਕਾਰ ਹਰ ਪੱਧਰ 'ਤੇ ਯਤਨ ਕਰ ਰਹੀ ਹੈ। ਇਸ ਦੇ ਚੰਗੇ ਨਤੀਜੇ ਹੁਣ ਦੇਸ਼ ਹੀ ਨਹੀਂ, ਸਗੋਂ ਪੂਰੀ ਦੁਨੀਆ ਵਿੱਚ ਦਿਖ ਰਹੇ ਹਨ। ਦੁਨੀਆ ਭਰ ਵਿੱਚ ਭਾਰਤ ਦੇ ਨੌਜਵਾਨਾਂ ਦੀ ਮੰਗ ਵਧੀ ਹੈ। ਇਹ ਨੌਜਵਾਨ ਆਪਣੀ ਯੋਗਤਾ ਨਾਲ ਨਾ ਸਿਰਫ ਦੇਸ਼ ਦਾ ਨਾਂ ਰੋਸ਼ਨ ਕਰ ਰਹੇ ਹਨ, ਸਗੋਂ ਵਿਦੇਸ਼ਾਂ ਵਿੱਚ ਰਹਿ ਕੇ ਭਾਰਤ ਦੇ ਨਾਲ ਉਨ੍ਹਾਂ ਦੇ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਬਣਾ ਰਹੇ ਹਨ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪ੍ਰਧਾਨ ਮੰਤਰੀ ਵਿਕਸਿਤ ਭਾਰਤ ਰੁਜ਼ਗਾਰ ਯੋਜਨਾ (ਵੀਬੀਆਰਵਾਈ) ਨਾਲ ਜੁੜੇ ਲਾਭਪਾਤਰੀਆਂ, ਉਦਯੋਗ ਪ੍ਰਤੀਨਿਧੀਆਂ ਅਤੇ ਹਿਤਧਾਰਕਾਂ ਨੂੰ ਕਿਹਾ ਕਿ ਇਹ ਯੋਜਨਾ ਭਾਰਤ ਸਰਕਾਰ ਦੀ ਰੁਜ਼ਗਾਰ ਨਾਲ ਜੁੜੀ ਪ੍ਰਮੁੱਖ ਪ੍ਰੋਤਸਾਹਨ ਯੋਜਨਾ ਹੈ। ਦੁਨੀਆ ਭਾਰਤੀ ਨੌਜਵਾਨਾਂ ਦੀਆਂ ਸਮਰੱਥਾਵਾਂ ਨੂੰ ਪਛਾਣ ਰਹੀ ਹੈ। ਸਰਕਾਰ ਵੀ ਇਹ ਯਕੀਨੀ ਬਣਾਉਣ ਦੇ ਲਈ ਵਚਨਬੱਧ ਹੈ ਕਿ ਹਰ ਨੌਜਵਾਨ ਨੂੰ ਆਪਣੀ ਸਮਰੱਥਾ ਨੂੰ ਸਫਲਤਾ ਵਿੱਚ ਬਦਲਣ ਦਾ ਮੌਕਾ ਮਿਲੇ। ਇਹ ਪਹਿਲੀ ਵਾਰ ਨੌਕਰੀ ਸ਼ੁਰੂ ਕਰਨ ਵਾਲੇ ਨੌਜਵਾਨਾਂ ਦੀਆਂ ਇੱਛਾਵਾਂ ਨੂੰ ਮਜ਼ਬੂਤ ਕਰਨ ਅਤੇ ਉਦਯੋਗ ਅਤੇ ਕਾਰਜਬਲ ਦੇ ਵਿੱਚ ਇੱਕ ਮਜ਼ਬੂਤ ਪੁਲ ਬਣਾਉਣ ਦੇ ਲਈ ਤਿਆਰ ਕੀਤੀ ਗਈ ਪਹਿਲ ਹੈ। ਜਿੱਥੇ ਕਈ ਯੋਜਨਾਵਾਂ ਆਮ ਤੌਰ 'ਤੇ ਕਰਮਚਾਰੀਆਂ ਜਾ ਨਿਯੁਕਤਾਵਾਂ 'ਤੇ ਕੇਂਦ੍ਰਿਤ ਹੁੰਦੀਆਂ ਹਨ, ਉੱਥੇ ਇਹ ਪ੍ਰੋਗਰਾਮ ਇਕੱਠੇ ਦੋਵਾਂ ਨੂੰ ਸਹਿਯੋਗ ਕਰਦਾ ਹੈ।

*ਪ੍ਰਧਾਨ ਮੰਤਰੀ ਵਿਕਸਿਤ ਭਾਰਤ ਰੁਜ਼ਗਾਰ ਯੋਜਨਾ... ਇਹ ਰੁਜ਼ਗਾਰ ਤੋਂ ਕਿਤੇ ਵਧ ਕੇ ਪਹਿਲੀ ਨੌਕਰੀ ਪਾਉਣ ਵਾਲੇ ਯੁਵਾ ਦੇ ਸੁਪਨਿਆਂ ਨੂੰ ਸ਼ਕਤੀ ਦੇਣ ਵਾਲੀ ਯੋਜਨਾ ਹੈ। ਇਹ ਯੁਵਾ ਅਤੇ ਉਦਯੋਗਾਂ ਦੇ ਵਿੱਚ ਇੱਕ ਮਜ਼ਬੂਤ ਪੁਲ ਬਣਾਉਣ ਵਾਲੀ ਯੋਜਨਾ ਹੈ।* **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

## ਭਾਰਤ ਦੇ ਨਵੀਨਤਾ ਈਕੋਸਿਸਟਮ ਵਿੱਚ ਆਲਮੀ ਦਿਲਚਸਪੀ

ਬੀਤੇ 10 ਵਰ੍ਹਿਆਂ ਵਿੱਚ ਭਾਰਤ ਵਿੱਚ ਸਟਾਰਟਅੱਪ ਦੀ ਗਿਣਤੀ ਕਰੀਬ 500 ਤੋਂ ਵਧ ਕੇ ਦੋ ਲੱਖ ਤੋਂ ਵੱਧ ਹੋ ਗਈ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੱਸਿਆ ਕਿ ਫਰਾਂਸ ਵਿੱਚ ਹੋਏ 'ਇੰਡੀਆ ਇਨੋਵੇਟਰਸ' ਪ੍ਰੋਗਰਾਮ ਨੇ ਭਾਰਤੀ ਸਟਾਰਟਅੱਪ ਅਤੇ ਦੁਨੀਆ ਭਰ ਦੇ ਨਿਵੇਸ਼ਕਾਂ ਨੂੰ ਇਕੱਠੇ ਆਉਣ ਦਾ ਮੌਕਾ ਦਿੱਤਾ ਹੈ। ਇੱਥੇ ਏਆਈ, ਸਪੇਸ ਟੈੱਕ, ਗ੍ਰੀਨ ਐਨਰਜੀ ਅਤੇ ਬਾਇਓਟੈੱਕ ਜਿਹੇ ਆਧੁਨਿਕ ਖੇਤਰਾਂ 'ਤੇ ਚਰਚਾ ਹੋਈ। ਅਜਿਹੇ ਆਯੋਜਨਾਂ ਤੋਂ ਸਾਫ ਪਤਾ ਚਲਦਾ ਹੈ ਕਿ ਦੁਨੀਆ ਦਾ ਭਰੋਸਾ ਭਾਰਤ ਦੇ ਨਵੇਂ ਇਨੋਵੇਸ਼ਨ 'ਤੇ ਵਧ ਰਿਹਾ ਹੈ। ਭਵਿੱਖ ਦੀ ਤਕਨੀਕ ਬਣਾਉਣ ਵਿੱਚ ਭਾਰਤ ਦੀ ਭੂਮਿਕਾ ਅਹਿਮ ਹੁੰਦੀ ਜਾ ਰਹੀ ਹੈ, ਇਸ ਨੂੰ ਵਿਸ਼ਵ ਸਵੀਕਾਰ ਵੀ ਕਰਦਾ ਹੈ।

## ਮਹਿਲਾਵਾਂ ਦੀ ਵਧਦੀ ਭਾਗੀਦਾਰੀ


ਭਾਰਤ ਦੀ ਤਰੱਕੀ ਅਤੇ ਸਮਾਜ ਨੂੰ ਅੱਗੇ ਵਧਾਉਣ ਵਿੱਚ ਮਹਿਲਾਵਾਂ ਦਾ ਯੋਗਦਾਨ ਤੇਜ਼ੀ ਨਾਲ ਵਧਿਆ ਹੈ। ਉਨ੍ਹਾਂ ਦੀ ਸੁਰੱਖਿਆ ਅਤੇ ਸੁਵਿਧਾ ਨੂੰ ਦੇਖਦੇ ਹੋਏ ਹੁਣ ਨਾਈਟ ਸ਼ਿਫਟ ਨਾਲ ਜੁੜੇ ਨਿਯਮਾਂ ਵਿੱਚ ਸੁਧਾਰ ਕੀਤੇ ਗਏ ਹਨ। ਵਰਕ ਫ੍ਰੌਮ ਹੋਮ ਦੇ ਮੌਕੇ ਵਧਾਏ ਗਏ ਹਨ। ਇਸ ਦੇ ਨਾਲ ਹੀ ਦਫਤਰਾਂ ਵਿੱਚ ਸੁਰੱਖਿਆ ਦੇ ਇੰਤਜਾਮ ਹੋਰ ਮਜ਼ਬੂਤ ਕੀਤੇ ਗਏ ਹਨ, ਤਾਂਕਿ ਵੱਧ ਤੋਂ ਵੱਧ ਮਹਿਲਾਵਾਂ ਬਿਨਾ ਕਿਸੇ ਡਰ ਦੇ ਨੌਕਰੀ ਕਰ ਸਕਣ।

## ਖੁੱਲ੍ਹ ਰਹੇ ਨਵੇਂ ਬਜ਼ਾਰ

**ਭਾਰਤੀ ਉਦਯੋਗਾਂ ਦੇ ਲਈ ਨਵੇਂ ਬਜ਼ਾਰ ਖੁੱਲ੍ਹ ਰਹੇ ਹਨ। ਇੱਥੇ ਦੇ ਪੇਸ਼ੇਵਰਾਂ ਦੇ ਲਈ ਨਵੇਂ ਮੌਕੇ ਉਪਲਬਧ ਹੋ ਰਹੇ ਹਨ। ਜਦੋਂ ਪੂਰੀ ਦੁਨੀਆ ਭਵਿੱਖ ਦੀ ਅਰਥਵਿਵਸਥਾ ਦੀ ਤਿਆਰੀ ਕਰ ਰਹੀ ਹੈ ਤਦ, ਭਾਰਤ ਇਸ ਦੀ ਅਗਵਾਈ ਕਰਨ ਦੀ ਤਿਆਰੀ ਕਰ ਰਿਹਾ ਹੈ। ਸਰਕਾਰ ਦਾ ਧਿਆਨ ਹਮੇਸ਼ਾ ਰੁਜ਼ਗਾਰ ਨੂੰ ਸੁਰੱਖਿਆ, ਮਾਣ ਅਤੇ ਸਮਾਜਿਕ ਸੰਭਾਲ ਨਾਲ ਜੋੜਨ 'ਤੇ ਰਿਹਾ ਹੈ।**

ਸਰਕਾਰ ਉਨ੍ਹਾਂ ਨੌਜਵਾਨਾਂ ਦੇ ਨਾਲ ਖੜ੍ਹੀ ਹੈ, ਜੋ ਪੇਸ਼ੇਵਰ ਸਫਰ ਦੀ ਸ਼ੁਰੂਆਤ ਕਰ ਰਹੇ ਹਨ। ਉਨ੍ਹਾਂ ਸੰਸਥਾਵਾਂ ਨੂੰ ਪ੍ਰੋਤਸਾਹਿਤ ਕਰਦੀ ਹੈ, ਜੋ ਨਵੇਂ ਰੁਜ਼ਗਾਰ ਦੇ ਮੌਕੇ ਪੈਦਾ ਕਰਦੇ ਹਨ।

ਯੋਜਨਾ ਦੀਆਂ ਉਪਲਬਧੀਆਂ ਨੂੰ ਸਾਂਝਾ ਕਰਦੇ ਹੋਏ, ਪੀਐੱਮ ਮੋਦੀ ਨੇ ਕਿਹਾ ਕਿ ਹੁਣ ਤੱਕ ਲਗਭਗ 70 ਲੱਖ ਨਵੀਆਂ ਨੌਕਰੀਆਂ ਪੈਦਾ ਕੀਤੀਆਂ ਗਈਆਂ ਹਨ। ਇੰਨੀ ਹੀ ਸੰਖਿਆ ਵਿੱਚ ਪਹਿਲੀ ਵਾਰ ਨੌਕਰੀ ਪਾਉਣ ਵਾਲੇ ਕਰਮਚਾਰੀਆਂ ਨੂੰ ਸਮਾਜਿਕ ਸੁਰੱਖਿਆ ਦੇ ਦਾਇਰੇ ਵਿੱਚ ਲਿਆਂਦਾ ਗਿਆ ਹੈ। ਲਗਭਗ 20 ਲੱਖ ਯੁਵਾ ਪਹਿਲੀ ਨੌਕਰੀ ਵਿੱਚ ਛੇ ਮਹੀਨੇ ਪੂਰੇ ਕਰ ਚੁੱਕੇ ਹਨ, ਜਦਕਿ ਇਸ ਉਪਲਬਧੀ ਨੂੰ ਪੂਰਾ ਕਰਨ 'ਤੇ ਲਗਭਗ 10 ਲੱਖ ਲਾਭਾਰਥੀਆਂ ਨੂੰ ਯੋਜਨਾ ਦੇ ਤਹਿਤ ਪਹਿਲਾਂ ਹੀ ਪ੍ਰੋਤਸਾਹਨ ਰਾਸ਼ੀ ਮਿਲ ਚੁੱਕੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਹਿੰਦੇ ਹਨ, "ਜਦੋਂ ਸਰਕਾਰ, ਉਦਯੋਗ ਅਤੇ ਯੁਵਾ ਮਿਲ ਕੇ ਕੰਮ ਕਰਦੇ ਹਨ ਤਾਂ ਰੁਜ਼ਗਾਰ ਸਿਰਜਣ ਵਿੱਚ ਤੇਜ਼ੀ ਆਉਂਦੀ ਹੈ। ਇਹ ਪਹਿਲਕਦਮੀ ਇੱਕ ਨਵੇਂ ਭਾਰਤ ਦੀ ਝਲਕ ਹੈ ਜਿੱਥੇ ਨੌਜਵਾਨਾਂ ਨੂੰ ਮੌਕੇ ਮਿਲਦੇ ਹਨ, ਉਦਯੋਗਾਂ ਨੂੰ ਪ੍ਰੋਤਸਾਹਨ ਮਿਲਦਾ ਹੈ ਅਤੇ ਰੁਜ਼ਗਾਰ ਸਿਰਜਣ ਇੱਕ ਰਾਸ਼ਟਰੀ ਮਿਸ਼ਨ ਬਣ ਜਾਂਦਾ ਹੈ।" ■



# ਬੰਗਾਲ ਰਚੇਗਾ ਇਤਿਹਾਸ... ਭਾਰਤ ਦੀ ਵਧੇਗੀ ਰਫ਼ਤਾਰ

*ਭਾਰਤ ਸਾਲ 2047 ਤੱਕ ਇੱਕ ਵਿਕਸਿਤ ਦੇਸ਼ ਬਣਨ ਦੇ ਟੀਚੇ 'ਤੇ ਕੰਮ ਕਰ ਰਿਹਾ ਹੈ। ਵਿਕਸਿਤ ਭਾਰਤ ਦੇ ਇਸ ਸੁਪਨੇ ਨੂੰ ਪੂਰਾ ਕਰਨ ਦਾ ਸਭ ਤੋਂ ਵੱਡਾ ਜ਼ਰੀਆ ਹੈ- ਪੂਰਬੀ ਭਾਰਤ ਦਾ ਵਿਕਾਸ! ਇਸ ਦੇ ਲਈ ਸਰਕਾਰ 'ਮਿਸ਼ਨ ਪੂਰਵੋਦਯ' 'ਤੇ ਕੰਮ ਕਰ ਰਹੀ ਹੈ, ਜਿਸ ਵਿੱਚ ਬੰਗਾਲ ਦੀ ਭੂਮਿਕਾ ਬਹੁਤ ਅਹਿਮ ਹੈ। ਇਸੇ ਕੜੀ ਵਿੱਚ ਪਸ਼ਚਿਮਬੰਗ ਸਮਾਰੋਹ ਵਿੱਚ ਸ਼ਾਮਲ ਹੋਣ ਹੁਗਲੀ ਪਹੁੰਚੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪੀਐੱਮ-ਕਿਸਾਨ ਸਨਮਾਨ ਨਿਧੀ ਦੀ 23ਵੀਂ ਕਿਸ਼ਤ ਜਾਰੀ ਕੀਤੀ। ਨਾਲ ਹੀ, ਰੇਲਵੇ, ਖੇਤੀਬਾੜੀ, ਗ੍ਰਾਮੀਣ ਵਿਕਾਸ, ਮੱਛੀ ਪਾਲਣ ਅਤੇ ਪਸ਼ੂ ਪਾਲਣ ਖੇਤਰ ਨਾਲ ਸਬੰਧਿਤ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਰੱਖਿਆ ਨੀਂਹ ਪੱਥਰ ਅਤੇ ਕੀਤਾ ਉਦਘਾਟਨ...*

ਆਜ਼ਾਦੀ ਤੋਂ ਬਾਅਦ ਪੱਛਮ ਬੰਗਾਲ ਦੇ ਉੱਜਵਲ ਭਵਿੱਖ ਦੇ ਲਈ ਜੋ ਸੁਪਨਾ ਬੰਗਾਲ ਦੀ ਮਹਾਨ ਆਤਮਾਵਾਂ ਨੇ ਦੇਖਿਆ ਸੀ, ਅੱਜ ਇੱਕ ਤਰ੍ਹਾਂ ਨਾਲ ਪਹਿਲੀ ਵਾਰ ਦੇਸ਼ ਦੀ ਜਨਤਾ ਪਸ਼ਚਿਮਬੰਗ ਦਿਵਸ 'ਤੇ ਉਨ੍ਹਾਂ ਸੁਪਨਿਆਂ ਨੂੰ ਸੱਚਾਈ ਵਿੱਚ ਬਦਲਦੇ ਦੇਖ ਰਹੀ ਹੈ। ਤਾਰਕੇਸ਼ਵਰ ਵਿੱਚ ਸਮਾਰੋਹ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਅੱਜ ਪਸ਼ਚਿਮਬੰਗ ਦਿਵਸ 'ਤੇ ਸਾਡਾ ਫਰਜ਼ ਹੈ, ਅਸੀਂ ਸੰਕਲਪ ਲਈਏ, ਹੁਣ ਇਤਿਹਾਸ ਦੀਆਂ ਉਹ ਗਲਤੀਆਂ ਦੁਹਰਾਈਆਂ ਨਹੀਂ ਜਾਣਗੀਆਂ। ਹੁਣ ਪਸ਼ਚਿਮਬੰਗ ਦਿਵਸ ਤੋਂ ਪ੍ਰੇਰਣਾ ਲੈ ਕੇ ਨਵਾਂ ਇਤਿਹਾਸ ਰਚਿਆ ਜਾਵੇਗਾ। ਪੱਛਮ ਬੰਗਾਲ ਵਿੱਚ ਉਦਯੋਗਿਕ ਤਰੱਕੀ ਦੀ ਨੀਂਹ ਫਿਰ ਤੋਂ ਬਣਨੀ ਸ਼ੁਰੂ ਹੋ ਗਈ ਹੈ। ਇਸ ਨੀਂਹ ਦੇ ਦੋ ਵੱਖ-ਵੱਖ ਅੰਗ ਹਨ-

> *ਭਾਰਤ 2047 ਤੱਕ ਵਿਕਸਿਤ ਦੇਸ਼ ਬਣਨ ਦੇ ਟੀਚੇ 'ਤੇ ਕੰਮ ਕਰ ਰਿਹਾ ਹੈ। ਵਿਕਸਿਤ ਭਾਰਤ ਦੇ ਇਸ ਸੰਕਲਪ ਦਾ ਸਭ ਤੋਂ ਵੱਡਾ ਅਧਾਰ ਹੈ- ਪੂਰਬੀ ਭਾਰਤ ਦਾ ਵਿਕਾਸ! ਇਸ ਦੇ ਲਈ ਅਸੀਂ ਮਿਸ਼ਨ ਪੂਰਵੋਦਯ 'ਤੇ ਕੰਮ ਕਰ ਰਹੇ ਹਾਂ। ਇਸ ਵਿੱਚ ਬੰਗਾਲ ਦੀ ਭੂਮਿਕਾ ਬਹੁਤ ਵੱਡੀ ਹੈ। ਬੰਗਾਲ ਦੀ ਤਰੱਕੀ ਨਾਲ ਪੂਰਬੀ ਭਾਰਤ ਦੀ ਗਤੀ ਵਧੇਗੀ।*
>
> **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

## 'ਪੱਛਮ ਬੰਗਾਲ: ਵਿਰਾਸਤ, ਸਦਭਾਵਨਾ ਅਤੇ ਵਿਕਾਸ' ਰਿਹਾ ਵਿਸ਼ਾ

**ਪਸ਼ਚਿਮ ਬੰਗ ਦਿਵਸ ਸਮਾਰੋਹ ਦਾ ਰਾਜ ਪੱਧਰੀ ਸਮਾਰੋਹ ਹੁਗਲੀ ਦੇ ਤਾਰਕੇਸ਼ਵਰ ਵਿੱਚ ਆਯੋਜਿਤ ਕੀਤਾ ਗਿਆ ਜੋ ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਨਾਲ ਜੁੜਿਆ ਇੱਕ ਇਤਿਹਾਸਕ ਮਹੱਤਵ ਦਾ ਸਥਾਨ ਹੈ। ਇਸ ਵਰ੍ਹੇ ਦੇ ਪਸ਼ਚਿਮ ਬੰਗ ਦਿਵਸ ਦਾ ਵਿਸ਼ਾ: 'ਪੱਛਮ ਬੰਗਾਲ: ਵਿਰਾਸਤ, ਸਦਭਾਵਨਾ ਅਤੇ ਵਿਕਾਸ', ਰਾਜ ਦੀ ਸੱਭਿਆਚਾਰ ਸਮ੍ਰਿੱਧੀ, ਸਮਾਜਿਕ ਏਕਤਾ ਅਤੇ ਵਿਕਾਸਾਤਮਕ ਇੱਛਾਵਾਂ ਨੂੰ ਦਰਸਾਉਂਦਾ ਹੈ।**

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

# ਕੇਂਦਰ ਸਰਕਾਰ ਦੀਆਂ ਯੋਜਨਾਵਾਂ ਹੁਣ ਪੱਛਮ ਬੰਗਾਲ ਨੂੰ ਮਿਲਣੀਆਂ ਸ਼ੁਰੂ

## ਪੀਐੱਮ ਫਸਲ ਬੀਮਾ ਯੋਜਨਾ ਦੀ ਸ਼ੁਰੂਆਤ

- ਪੱਛਮ ਬੰਗਾਲ ਵਿੱਚ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ (ਪੀਐੱਮਐੱਫਬੀਵਾਈ) ਦੀ ਸ਼ੁਰੂਆਤ ਕੀਤੀ ਗਈ। ਇਸ ਨਾਲ ਹੁਣ ਵਿਸ਼ਵ ਦੀ ਸਭ ਤੋਂ ਵੱਡੀ ਫਸਲ ਬੀਮਾ ਯੋਜਨਾ ਦਾ ਲਾਭ ਰਾਜ ਦੇ ਕਿਸਾਨਾਂ ਤੱਕ ਪਹੁੰਚੇਗਾ।
- 2026-27 ਦੌਰਾਨ, ਪੀਐੱਮਐੱਫਬੀਵਾਈ ਪਹਿਲ ਦਾ ਟੀਚਾ ਪੱਛਮ ਬੰਗਾਲ ਵਿੱਚ ਲਗਭਗ 14 ਲੱਖ ਹੈਕਟੇਅਰ ਖੇਤੀਬਾੜੀ ਜ਼ਮੀਨ ‘ਤੇ ਲਗਭਗ 50 ਲੱਖ ਕਿਸਾਨਾਂ ਨੂੰ ਬੀਮਾ ਕਵਰੇਜ ਪ੍ਰਦਾਨ ਕਰਨਾ ਹੈ।

ਲਗਭਗ **28,140** ਕਰੋੜ ਰੁਪਏ ਦੀ ਅਨੁਮਾਨਿਤ ਬੀਮਾ ਕੀਮਤ ਦੀਆਂ ਫਸਲਾਂ ਦੀ ਸੁਰੱਖਿਆ ਹੋ ਸਕੇਗੀ।

ਕਿਸਾਨਾਂ ਨੂੰ ਲੋੜੀਂਦੀ ਪ੍ਰੀਮੀਅਮ ਸਬਸਿਡੀ ਰਾਹੀਂ ਸਹਾਇਤਾ ਪ੍ਰਦਾਨ ਕੀਤੀ ਜਾ ਸਕੇਗੀ।

## ਪੱਛਮ ਬੰਗਾਲ ਵਿੱਚ ਐਗ੍ਰੀਸਟੈਕ ਦੀ ਸ਼ੁਰੂਆਤ

- ਡਿਜੀਟਲ ਖੇਤੀਬਾੜੀ ਮਿਸ਼ਨ ਦੇ ਤਹਿਤ, ਪੱਛਮ ਬੰਗਾਲ ਵਿੱਚ ਐਗ੍ਰੀਸਟੈਕ ਦੀ ਸ਼ੁਰੂਆਤ।
- ਇਸ ਤੋਂ ਇਲਾਵਾ ਖਾਦ ਵੰਡ, ਕਿਸਾਨ ਕ੍ਰੈਡਿਟ ਕਾਰਡ, ਪ੍ਰਤੱਖ ਲਾਭ ਤਬਾਦਲੇ ਅਤੇ ਘੱਟੋ-ਘੱਟ ਸਮਰਥਨ ਮੁੱਲ ਪ੍ਰਣਾਲੀ ਦੇ ਤਹਿਤ ਖਰੀਦ ਜਿਹੀ ਵੈਰੀਫਾਇਡ ਖੇਤੀਬਾੜੀ ਸਬੰਧੀ ਸੇਵਾਵਾਂ ਦੇ ਲਈ ਇੱਕ ਏਕੀਕ੍ਰਿਤ ਡਿਜੀਟਲ ਪਲੈਟਫਾਰਮ ਉਪਲਬਧ ਹੋਵੇਗਾ।
- ਇਹ ਪਹਿਲਕਦਮੀ ਖੇਤੀਬਾੜੀ ਖੇਤਰ ਵਿੱਚ ਡਿਜੀਟਲ ਸ਼ਾਸਨ ਨੂੰ ਮਜ਼ਬੂਤ ਕਰੇਗੀ। ਕਿਸਾਨ-ਕੇਂਦ੍ਰਿਤ ਸੇਵਾਵਾਂ ਦੀ ਕੁਸ਼ਲ ਵੰਡ ਨੂੰ ਸੁਗਮ ਬਣਾਵੇਗੀ।

## ਰਾਸ਼ਟਰੀ ਕੁਦਰਤੀ ਖੇਤੀ ਮਿਸ਼ਨ ਦੀ ਸ਼ੁਰੂਆਤ

- ਪੱਛਮ ਬੰਗਾਲ ਵਿੱਚ ਟਿਕਾਊ, ਕੈਮੀਕਲ-ਮੁਕਤ ਖੇਤੀਬਾੜੀ ਨੂੰ ਹੁਲਾਰਾ ਦੇਣ ਦੇ ਲਈ ਰਾਸ਼ਟਰੀ ਕੁਦਰਤੀ ਖੇਤੀ ਮਿਸ਼ਨ ਦੀ ਸ਼ੁਰੂਆਤ।
- ਵਰ੍ਹੇ 2026-27 ਦੇ ਲਈ ਪ੍ਰਵਾਨ ਸਾਲਨਾ ਕਾਰਜ ਯੋਜਨਾ ਦੇ ਤਹਿਤ, ਰਾਜ 17,300 ਹੈਕਟੇਅਰ ਵਿੱਚ ਫੈਲੇ 346 ਕੁਦਰਤੀ ਖੇਤੀਬਾੜੀ ਕਲੱਸਟਰ ਸਥਾਪਿਤ ਕਰੇਗਾ।
- ਜੈਵ-ਇਨਪੁਟ ਸੰਸਾਧਨ ਕੇਂਦਰ ਬਣਾਵੇਗਾ। ਵਾਤਾਵਰਣ ਦੇ ਅਨੁਕੂਲ ਖੇਤੀਬਾੜੀ ਵਿਧੀਆਂ ਨੂੰ ਹੁਲਾਰਾ ਦੇਣ ਦੇ ਲਈ ਖੇਤੀਬਾੜੀ ਸਖੀਆਂ ਨੂੰ ਸਰਗਰਮ ਕਰੇਗਾ।
- ਏਕੀਕ੍ਰਿਤ ਖੇਤੀਬਾੜੀ ਵਿਕਾਸ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਉਠਾਉਂਦੇ ਹੋਏ, ਪੱਛਮ ਬੰਗਾਲ ਵਿੱਚ ਪ੍ਰਧਾਨ ਮੰਤਰੀ ਧਨ-ਧਾਨਯ ਕ੍ਰਿਸ਼ੀ ਯੋਜਨਾ (ਪੀਐੱਮਡੀਡੀਕੇਵਾਈ) ਦਾ ਲਾਗੂਕਰਨ ਵੀ ਸ਼ੁਰੂ।

## ਰਾਜ ਨੂੰ ਵਿਕਾਸ ਪ੍ਰੋਜੈਕਟਾਂ ਦੇ ਤੋਹਫ਼ੇ

- ਦੱਖਣ 24 ਪਰਗਨਾ ਦੇ ਫ੍ਰੇਜ਼ਰਗੰਜ ਵਿੱਚ ਆਧੁਨਿਕ ਅਤੇ ਸਮਰੱਥਾ-ਵਿਸਤਾਰਿਤ ਮੱਛੀ ਬੰਦਰਗਾਹ ਅਤੇ ਬੀਰਭੂਮ ਦੇ ਸੈਂਥਿਆ ਵਿੱਚ ਨਵੇਂ ਬਣੇ ਆਧੁਨਿਕ ਮੱਛੀ ਬਜ਼ਾਰ ਦਾ ਉਦਘਾਟਨ।
- ਨਾਦੀਆ ਜ਼ਿਲ੍ਹੇ ਦੇ ਹਰਿੰਗਹਾਟਾ ਵਿੱਚ ਬੱਕਰੀਆਂ ਦੇ ਲਈ ਸਥਾਪਿਤ ਰੀਜਨਲ ਸੀਮੇਨ ਪ੍ਰੋਡਕਸ਼ਨ ਲੈਬ ਅਤੇ ਸੀਮੇਨ ਬੈਂਕ ਦਾ ਵੀ ਉਦਘਾਟਨ।
- ਲਗਭਗ 590 ਕਰੋੜ ਰੁਪਏ ਦੇ ਮਹੱਤਵਪੂਰਨ ਰੇਲ ਪ੍ਰੋਜੈਕਟਾਂ ਦੀ ਨੀਂਹ ਰੱਖੀ ਅਤੇ ਇਨ੍ਹਾਂ ਨੂੰ ਰਾਸ਼ਟਰ ਨੂੰ ਸਮਰਪਿਤ ਕੀਤਾ।
- ਹਾਵੜਾ ਵਿੱਚ ਸੰਕਰਾਇਲ-ਸੰਤਰਾਗਾਛੀ ਲਿੰਕ ਲਾਈਨ ਪ੍ਰੋਜੈਕਟ ਰਾਸ਼ਟਰ ਨੂੰ ਸਮਰਪਿਤ।
- ਹਾਵੜਾ ਵਿੱਚ 300 ਬੈੱਡ ਵਾਲੇ ਡਿਵੀਜ਼ਨਲ ਰੇਲਵੇ ਹਸਪਤਾਲ ਦੀ ਨੀਂਹ ਰੱਖੀ।
- ਪੂਰਬੀ ਮੇਦਿਨੀਪੁਰ ਜ਼ਿਲ੍ਹੇ ਵਿੱਚ ਹੌਰ ਅਤੇ ਰਾਧਾਮੋਹਨਪੁਰ ਦਰਮਿਆਨ ਬਣਨ ਵਾਲੇ ਓਵਰਬ੍ਰਿਜ ਦੀ ਨੀਂਹ ਵੀ ਰੱਖੀ।
- ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ (ਪੀਐੱਮਜੀਐੱਸਵਾਈ-III) ਦੇ ਤਹਿਤ ਵਿਕਸਿਤ 49 ਸੜਕ ਇਨਫ੍ਰਾਸਟ੍ਰਕਚਰ ਪ੍ਰੋਜੈਕਟਾਂ ਦਾ ਉਦਘਾਟਨ।

## ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਦੀ 23ਵੀਂ ਕਿਸ਼ਤ ਜਾਰੀ

ਪਸ਼ਚਿਮਬੰਗ ਦਿਵਸ ਸਮਾਰੋਹ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਦੀ 23ਵੀਂ ਕਿਸ਼ਤ ਜਾਰੀ ਕੀਤੀ। ਇਸ ਕਿਸ਼ਤ ਦੇ ਤਹਿਤ, ਦੇਸ਼ ਭਰ ਦੇ 9 ਕਰੋੜ ਤੋਂ ਵੱਧ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ 18,880 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਟ੍ਰਾਂਸਫਰ ਕੀਤੀ ਗਈ। ਇਕੱਲੇ ਪੱਛਮ ਬੰਗਾਲ ਵਿੱਚ ਹੀ 45 ਲੱਖ ਤੋਂ ਵੱਧ ਲਾਭਾਰਥੀਆਂ ਦੇ ਖਾਤਿਆਂ ਵਿੱਚ 900 ਕਰੋੜ ਤੋਂ ਵੱਧ ਦੀ ਰਾਸ਼ੀ ਜਮ੍ਹਾਂ ਕੀਤੀ ਗਈ, ਜਿਸ ਨਾਲ ਰਾਜ ਯੋਜਨਾ ਦੇ ਤਹਿਤ ਕੁੱਲ ਵੰਡ ਰਾਸ਼ੀ 15,000 ਕਰੋੜ ਰੁਪਏ ਤੋਂ ਵੱਧ ਹੋ ਗਈ। 2019 ਵਿੱਚ ਯੋਜਨਾ ਦੀ ਸ਼ੁਰੂਆਤ ਦੇ ਬਾਅਦ ਤੋਂ ਕੁੱਲ ਵੰਡੀ ਗਈ ਰਾਸ਼ੀ 4.46 ਲੱਖ ਕਰੋੜ ਰੁਪਏ ਤੋਂ ਵੱਧ ਹੋ ਗਈ ਹੈ। ਪੀਐੱਮ ਮੋਦੀ ਨੇ ਕਿਹਾ ਕਿ ਇਸ ਨਾਲ ਕਰੋੜਾਂ ਕਿਸਾਨ ਪਰਿਵਾਰਾਂ ਨੂੰ ਆਰਥਿਕ ਬਲ ਮਿਲੇਗਾ ਅਤੇ ਉਨ੍ਹਾਂ ਦੇ ਜੀਵਨ ਵਿੱਚ ਖੁਸ਼ਹਾਲੀ ਵਧੇਗੀ।



ਇਮਾਨਦਾਰ ਅਤੇ ਪਾਰਦਰਸ਼ੀ ਸ਼ਾਸਨ! ਅਤੇ ਦੂਜਾ- ਕਾਨੂੰਨ ਦਾ ਰਾਜ! ਪੱਛਮ ਬੰਗਾਲ ਹੀ ਨਹੀਂ, ਪੂਰਾ ਦੇਸ਼ ਅੱਜ ਇਸ ਬਦਲਾਅ ਨੂੰ ਦੇਖ ਰਿਹਾ ਹੈ। ਪੀਐੱਮ ਮੋਦੀ ਨੇ ਪ੍ਰੋਗਰਾਮ ਵਿੱਚ ਕਿਹਾ ਕਿ ਜਿਨ੍ਹਾਂ ਯੋਜਨਾਵਾਂ ਨੂੰ ਰਸਤੇ ਵਿੱਚ ਹੀ ਅਟਕਾਇਆ-ਲਟਕਾਇਆ ਗਿਆ, ਅੱਜ ਉਨ੍ਹਾਂ ਸਾਰੀਆਂ ਬੰਦਿਸ਼ਾਂ ਨੂੰ ਤੋੜ ਕੇ ਜਨਤਕ ਭਲਾਈ ਕੈਂਪਾਂ ਦੇ ਜ਼ਰੀਏ ਹਰ ਸਰਕਾਰੀ ਯੋਜਨਾ ਦਾ ਲਾਭ ਸਿੱਧਾ ਤੁਹਾਡੇ ਤੱਕ ਪਹੁੰਚਾਇਆ ਜਾ ਰਿਹਾ ਹੈ।




# ਪੂਰਬੀ ਭਾਰਤ ਵਿੱਚ ਵਿਕਾਸ ਅਤੇ ਸਮ੍ਰਿੱਧੀ ਪ੍ਰਵੇਸ਼-ਦੁਆਰ ਦੇ ਰੂਪ ਵਿੱਚ ਉਭਰ ਰਿਹਾ 'ਓਡੀਸ਼ਾ'

*'ਭਾਰਤ ਦੇ ਵਿਕਾਸ ਦੇ ਲਈ ਪੂਰਬੀ ਭਾਰਤ ਦਾ ਵਿਕਾਸ' ਸਰਕਾਰ ਦੀ ਇਹ ਨੀਤੀ ਪੂਰਬੀ ਰਾਜਾਂ ਦੀ ਵਿਸ਼ਾਲ ਸੰਭਾਵਨਾਵਾਂ ਨੂੰ ਸਾਹਮਣੇ ਲਿਆ ਰਹੀ ਹੈ। ਸਰਕਾਰ ਰੇਲਵੇ ਇਨਫ੍ਰਾਸਟ੍ਰਕਚਰ, ਰਾਜਮਾਰਗ, ਆਰਥਿਕ ਕੌਰੀਡੋਰ, ਪੋਰਟ, ਊਰਜਾ, ਸੈਮੀਕੰਡਕਟਰ, ਗ੍ਰੀਨ ਐਨਰਜੀ ਤੋਂ ਲੈ ਕੇ ਆਧੁਨਿਕ ਉਦਯੋਗਾਂ ਵਿੱਚ ਰਿਕਾਰਡ ਨਿਵੇਸ਼ ਕਰ ਰਹੀ ਹੈ। ਇਸੇ ਕ੍ਰਮ ਵਿੱਚ 20 ਜੂਨ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵਰਤਮਾਨ ਓਡੀਸ਼ਾ ਸਰਕਾਰ ਦੇ ਦੋ ਸਾਲ ਪੂਰੇ ਹੋਣ 'ਤੇ ਮਯੂਰਭੰਜ ਜ਼ਿਲ੍ਹੇ ਵਿੱਚ ਆਯੋਜਿਤ ਪ੍ਰੋਗਰਾਮ ਵਿੱਚ 47,000 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਕੀਤਾ ਉਦਘਾਟਨ ਅਤੇ ਰੱਖਿਆ ਨੀਂਹ ਪੱਥਰ...*

ਓਡੀਸ਼ਾ ਸਰਕਾਰ ਦੇ ਦੋ ਸਾਲ ਪੂਰੇ ਹੋਣ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਨਿਵੇਸ਼, ਰੁਜ਼ਗਾਰ ਅਤੇ ਜਨ-ਕਲਿਆਣਕਾਰੀ ਯੋਜਨਾਵਾਂ ਨਾਲ ਰਾਜ ਦਾ ਤੇਜ਼ੀ ਨਾਲ ਵਿਕਾਸ ਹੋ ਰਿਹਾ ਹੈ ਅਤੇ ਲੋਕਾਂ ਦਾ ਜੀਵਨ ਬਦਲ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਨੇ 47 ਹਜ਼ਾਰ ਕਰੋੜ ਦੇ ਜਿਨ੍ਹਾਂ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਅਤੇ ਨੀਂਹ ਪੱਥਰ ਰੱਖਿਆ, ਉਸ ਨਾਲ ਲੋਕਾਂ ਦੇ ਲਈ ਆਵਾਜਾਈ ਸੰਪਰਕ, ਜਨਤਕ ਸੇਵਾਵਾਂ, ਆਰਥਿਕ ਮੌਕਿਆਂ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਆਉਣ ਦੀ ਉਮੀਦ ਹੈ। ਪੀਐੱਮ ਮੋਦੀ ਨੇ ਕਿਹਾ ਕਿ ਪਹਾੜਪੁਰ ਪਿੰਡ ਨੂੰ ਸੌਰ ਪਿੰਡ ਦੇ ਰੂਪ ਵਿੱਚ ਵਿਕਸਿਤ ਕੀਤਾ ਜਾਵੇਗਾ ਅਤੇ ਹਰ ਘਰ ਵਿੱਚ ਸੌਰ ਊਰਜਾ ਉਤਪਾਦਨ ਯਕੀਨੀ ਬਣਾਇਆ ਜਾਵੇਗਾ।

ਓਡੀਸ਼ਾ ਦੇ ਪ੍ਰਸਿੱਧ ਕੋਣਾਰਕ ਸੂਰਯ ਮੰਦਿਰ ਦੀ ਉਦਾਹਰਣ ਦਿੰਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਪਹਾੜਪੁਰ ਇੱਕ ਮਾਡਲ

"

*ਕਬਾਇਲੀ ਸਮਾਜ ਦੇ ਉਥਾਨ ਦੇ ਲਈ ਅਸੀਂ ਕਬਾਇਲੀ ਨੌਜਵਾਨਾਂ ਨੂੰ ਸਿੱਖਿਆ ਅਤੇ ਰੁਜ਼ਗਾਰ ਦੇ ਮੌਕਿਆਂ ਨਾਲ ਜੋੜ ਰਹੇ ਹਾਂ। ਇਨ੍ਹਾਂ ਬੱਚਿਆਂ ਨੂੰ ਪੜ੍ਹਾਈ ਦੀ ਬਿਹਤਰ ਸੁਵਿਧਾ ਮਿਲੇ... ਇਸ ਦੇ ਲਈ ਦੇਸ਼ ਵਿੱਚ ਕਰੀਬ 500 ਏਕਲਵਯ ਮਾਡਲ ਸਕੂਲ ਖੋਲ੍ਹੇ ਗਏ ਹਨ।*

***– ਨਰੇਂਦਰ ਮੋਦੀ, ਪ੍ਰਧਾਨ ਮੰਤਰੀ***

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।



## ਕਬਾਇਲੀ ਭਾਈਚਾਰਿਆਂ ਦਾ ਇਨ੍ਹਾਂ ਯੋਜਨਾਵਾਂ ਨਾਲ ਹੋ ਰਿਹਾ ਵਿਕਾਸ...

- ਐਨੀਮੀਆ ਬਿਮਾਰੀ ਦੇ ਖ਼ਿਲਾਫ਼ ਦੇਸ਼ਵਿਆਪੀ ਅਭਿਆਨ।
- ਜਲ ਜੀਵਨ ਮਿਸ਼ਨ ਨਾਲ ਸੁਰੱਖਿਅਤ ਪੇਅਜਲ ਦੀ ਵਿਵਸਥਾ।

**500** ਦੇ ਕਰੀਬ ਏਕਲਵਯ ਮਾਡਲ ਰਿਹਾਇਸ਼ੀ ਸਕੂਲ ਸਥਾਪਿਤ ਕੀਤੇ ਗਏ।

**750** ਏਕਲਵਯ ਸਕੂਲਾਂ ਨੂੰ ਦਿੱਤੀ ਗਈ ਹੈ ਮਨਜ਼ੂਰੀ।

**1.5 ਕਰੋੜ** ਤੋਂ ਵੱਧ ਕਬਾਇਲੀ ਵਿਦਿਆਰਥੀਆਂ ਨੂੰ ਪ੍ਰੀ-ਮੈਟ੍ਰਿਕ ਅਤੇ ਪੋਸਟ-ਮੈਟ੍ਰਿਕ ਪੱਧਰ 'ਤੇ ਸਕਾਲਰਸ਼ਿਪ।

## ਮਹੱਤਵਪੂਰਨ ਪ੍ਰੋਜੈਕਟਾਂ ਦਾ ਨੀਂਹ ਪੱਥਰ

- 600 ਮੈਗਾਵਾਟ ਦਾ ਅੱਪਰ ਇੰਦ੍ਰਾਵਤੀ ਪੰਪ ਸਟੋਰੇਜ ਪ੍ਰੋਜੈਕਟ।
- ਆਈਬੀ ਥਰਮਲ ਪਾਵਰ ਸਟੇਸ਼ਨ ਦੇ ਫੇਜ਼-II ਵਿਸਤਾਰ ਪ੍ਰੋਜੈਕਟ, ਜਿਸ ਵਿੱਚ 660 ਮੈਗਾਵਾਟ ਦੀਆਂ ਦੋ ਇਕਾਈਆਂ।
- ਝਾਰਸੁਗੁੜਾ ਜ਼ਿਲ੍ਹੇ ਦੇ ਲਖਨਪੁਰ ਵਿੱਚ ਭਾਰਤ ਕੋਲ ਗੈਸੀਫਿਕੇਸ਼ਨ ਐਂਡ ਕੈਮੀਕਲਸ ਲਿਮਿਟੇਡ ਪ੍ਰੋਜੈਕਟ।
- ਨੁਆਪੜਾ ਤੋਂ ਘਾਟੀਪਾੜਾ ਤੱਕ ਐੱਨਐੱਚ-353 ਦੇ ਇੱਕ ਸੈਕਸ਼ਨ ਦਾ ਚਾਰ ਲੇਨ ਦਾ ਨਿਰਮਾਣ।
- ਕੁਮੁਸਦਿਹੀ ਮੇਗਾਲਿਫਟ ਸਿੰਚਾਈ ਪ੍ਰੋਜੈਕਟ।
- ਇਗਨੂ ਖੇਤਰੀ ਕੇਂਦਰ ਅਤੇ ਰਾਇਰਾਂਗਪੁਰ ਵਿੱਚ ਇੰਡੋਰ ਬੈਡਮਿੰਟਨ ਕੰਪਲੈਕਸ।

## ਮਹੱਤਵਪੂਰਨ ਪ੍ਰੋਜੈਕਟਾਂ ਦਾ ਉਦਘਾਟਨ

- ਬੌਧ ਵਿੱਚ 300 ਬੈੱਡਾਂ ਵਾਲੇ ਜ਼ਿਲ੍ਹਾ ਹੈੱਡਕੁਆਰਟਰ ਹਸਪਤਾਲ ਭਵਨ।
- ਓਡੀਸ਼ਾ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ 24 ਅਟਲ ਬਸ ਸਟੈਂਡ ਅਤੇ ਨੌਂ ਸਵਚਾਲਿਤ ਟੈਸਟਿੰਗ ਕੇਂਦਰ।
- ਐੱਨਐੱਚ-57 'ਤੇ ਨਯਾਗੜ੍ਹ ਟਾਉਨ ਬਾਈਪਾਸ, ਕੁਸੁਮੀ ਸਮਾਰਟ ਸਿੰਚਾਈ ਪ੍ਰੋਜੈਕਟ।
- ਰਾਇਰਾਂਗਪੁਰ ਵਿੱਚ ਖੇਡ ਪਰਿਸਰ ਅਤੇ ਕਬਾਇਲੀ ਖੋਜ ਕੇਂਦਰ।

## ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦਾ ਦੌਰਾ

ਰਾਸ਼ਟਰਪਤੀ ਦ੍ਰੌਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮਯੂਰਭੰਜ ਜ਼ਿਲ੍ਹੇ ਦੇ ਪਹਾੜਪੁਰ ਪਿੰਡ ਦਾ ਦੌਰਾ ਕੀਤਾ। ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੇ ਪਵਿੱਤਰ ਸਥਾਨਾਂ 'ਸੰਥਾਲੀ ਜਾਹੇਰਾ' ਅਤੇ 'ਹੋ ਜਾਹੇਰਾ' ਵਿੱਚ ਪੂਜਾ ਅਤੇ ਪ੍ਰਾਰਥਨਾ ਕੀਤੀ। ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੇ ਓਡੀਸ਼ਾ ਸਰਕਾਰ ਦੇ ਦੋ ਸਾਲ ਪੂਰੇ ਹੋਣ ਦੇ ਜਸ਼ਨ ਵਿੱਚ ਆਯੋਜਿਤ ਇੱਕ ਪ੍ਰੋਗਰਾਮ ਵਿੱਚ ਹਿੱਸਾ ਲਿਆ। ਪ੍ਰੋਗਰਾਮ ਦਾ ਵਿਸ਼ਾ 'ਵਿਕਾਸ ਧਾਰਾ, ਓਡੀਸ਼ਾ ਸਾਰਾ' ਰਿਹਾ। ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੂੰ ਜਨਮਦਿਨ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ, ਪੀਐੱਮ ਮੋਦੀ ਨੇ ਉਨ੍ਹਾਂ ਦੇ ਮਯੂਰਭੰਜ ਦੀ ਮਿੱਟੀ ਨਾਲ ਦੇਸ਼ ਦੇ ਸਰਵਉੱਚ ਸੰਵਿਧਾਨ ਅਹੁਦੇ ਤੱਕ ਦੇ ਸਫਰ ਨੂੰ ਓਡੀਸ਼ਾ ਅਤੇ ਦੇਸ਼ ਦੇ ਲਈ ਮਾਣ ਦਾ ਵਿਸ਼ਾ ਦੱਸਿਆ।

ਸੌਰ ਊਰਜਾ ਸੰਚਾਲਿਤ ਪਿੰਡ ਦੇ ਰੂਪ ਵਿੱਚ ਉਭਰੇਗਾ। ਓਡੀਸ਼ਾ ਦੇ ਸੰਸਾਧਨਾਂ ਨੂੰ ਸਰਕਾਰ ਵਿਕਾਸ ਅਤੇ ਸਮ੍ਰਿੱਧੀ ਦੇ ਮੌਕੇ ਵਿੱਚ ਬਦਲ ਰਹੀ ਹੈ। ਉਨ੍ਹਾਂ ਨੇ 'ਉਤਕਰਸ਼ ਓਡੀਸ਼ਾ' ਜਿਹੀ ਪਹਿਲ ਦਾ ਜ਼ਿਕਰ ਕੀਤਾ। ਨਾਲ ਹੀ, ਕਿਹਾ ਕਿ ਇਸ ਦਾ ਉਦੇਸ਼ ਵੱਡੇ ਪੈਮਾਨੇ 'ਤੇ ਨਿਵੇਸ਼ ਆਕਰਸ਼ਿਤ ਕਰਨਾ ਹੈ, ਤਾਂ ਜੋ ਪੂਰੇ ਰਾਜ ਵਿੱਚ ਉਦਯੋਗਿਕ ਵਿਕਾਸ ਨੂੰ ਹੁਲਾਰਾ ਦਿੱਤਾ ਜਾ ਸਕੇ। ਇਸ ਪਹਿਲ ਦੇ ਤਹਿਤ, ਓਡੀਸ਼ਾ ਨੇ ਪਹਿਲਾਂ ਹੀ ਲਗਭਗ 20 ਲੱਖ ਕਰੋੜ ਰੁਪਏ ਦੇ ਨਿਵੇਸ਼ ਪ੍ਰਸਤਾਵ ਪ੍ਰਾਪਤ ਕਰ ਲਏ ਹਨ। ਨਾਲ ਹੀ ਕਈ ਵੱਡੇ ਪ੍ਰੋਜੈਕਟ, ਜਿਨ੍ਹਾਂ ਦੀ ਲਾਗਤ 3.5 ਲੱਖ ਕਰੋੜ ਰੁਪਏ ਤੋਂ ਵੱਧ ਹੈ, ਵਰਤਮਾਨ ਵਿੱਚ ਇਨ੍ਹਾਂ 'ਤੇ ਕਾਰਜ ਚਲ ਰਹੇ ਹਨ। ਬਿਜਲੀ ਦੇ ਖੇਤਰ ਵਿੱਚ 6,000 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਕੀਤਾ ਜਾ ਰਿਹਾ ਹੈ।

12ਵੇਂ ਅੰਤਰਰਾਸ਼ਟਰੀ ਯੋਗ ਦਿਵਸ ਦਾ ਆਯੋਜਨ

# ਸਭ ਨੂੰ ਜੋੜਦਾ, ਸਭ ਨੂੰ ਇਕੱਠੇ ਲਿਆਉਂਦਾ ਯੋਗ



ਪ੍ਰਧਾਨ ਮੰਤਰੀ ਦਾ ਯੋਗ ਦਿਵਸ 'ਤੇ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।



ਸੰਸਦ ਭਵਨ ਪਰਿਸਰ ਵਿੱਚ ਲੋਕ ਸਭਾ ਸਪੀਕਰ ਓਮ ਬਿਰਲਾ ਅਤੇ ਹੋਰ 12ਵੇਂ ਅੰਤਰਰਾਸ਼ਟਰੀ ਯੋਗ ਦਿਵਸ 'ਤੇ ਯੋਗ ਕਰਦੇ ਹੋਏ।

*ਭਾਰਤ ਦੀ ਹਜ਼ਾਰਾਂ ਵਰ੍ਹਿਆਂ ਪੁਰਾਣੀ ਯੋਗ ਪਰੰਪਰਾ ਅੱਜ ਪੂਰੀ ਦੁਨੀਆ ਦੇ ਲਈ ਨਵੀਂ ਉਮੀਦ ਬਣ ਚੁੱਕੀ ਹੈ। ਇਹ ਮਨੁੱਖਤਾ ਨੂੰ ਤੰਦਰੁਸਤ, ਸੰਤੁਲਿਤ ਅਤੇ ਸ਼ਾਂਤ ਜੀਵਨ ਦਾ ਮਾਰਗ ਦਿਖਾਉਂਦੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪਹਿਲਕਦਮੀ ਨਾਲ ਸ਼ੁਰੂ ਹੋਇਆ ਅੰਤਰਰਾਸ਼ਟਰੀ ਯੋਗ ਦਿਵਸ ਹੁਣ ਆਲਮੀ ਜਨਅੰਦੋਲਨ ਦਾ ਰੂਪ ਲੈ ਚੁੱਕਿਆ ਹੈ। ਪੱਛਮ ਬੰਗਾਲ ਦੇ ਕੋਲਕਾਤਾ ਸਥਿਤ ਰੈੱਡ ਰੋਡ ਤੋਂ 12ਵੇਂ ਅੰਤਰਰਾਸ਼ਟਰੀ ਯੋਗ ਦਿਵਸ ਦੇ ਰਾਸ਼ਟਰੀ ਆਯੋਜਨ ਦੀ ਅਗਵਾਈ ਪੀਐੱਮ ਮੋਦੀ ਨੇ ਕੀਤੀ ਜਿਸ ਵਿੱਚ ਉਨ੍ਹਾਂ ਨੇ ਕਿਹਾ ਕਿ ਯੋਗ ਸਭ ਨੂੰ ਜੋੜਦਾ ਹੈ ਅਤੇ ਲਿਆਉਂਦਾ ਹੈ ਇਕੱਠੇ...*

ਗੀਤਾ ਵਿੱਚ ਭਗਵਾਨ ਕ੍ਰਿਸ਼ਣ ਨੇ ਯੋਗ ਦੇ ਵਿਸ਼ੇ ਵਿੱਚ ਕਿਹਾ ਹੈ- युक्त आहार विहारस्य, युक्त चेष्टस्य कर्मसु। युक्त स्वप्न अव-बोधस्य, योगो भवति दुःखहा॥ ਭਾਵ, ਸੰਤੁਲਨ ਆਹਾਰ-ਵਿਹਾਰ ਨਾਲ, ਸੰਤੁਲਿਤ ਕਿਰਿਆਵਾਂ ਅਤੇ ਗਤੀਵਿਧੀਆਂ ਨਾਲ ਸੰਤੁਲਿਤ ਨੀਂਦ ਅਤੇ ਜਾਗਣ ਨਾਲ, ਯੋਗ ਦੁੱਖਾਂ ਦਾ ਨਾਸ਼ ਕਰਨ ਵਾਲਾ ਹੋ ਜਾਂਦਾ ਹੈ। ਇਹ ਸੰਤੁਲਨ ਹੀ ਯੋਗ ਦਾ ਅਧਾਰ ਹੈ। ਇਹੀ ਸੰਤੁਲਨ ਸਾਡੇ ਜੀਵਨ ਦਾ ਵੀ ਅਧਾਰ ਹੈ। ਪਰ ਜ਼ਿਆਦਾਤਰ ਲੋਕ ਅੱਜ ਇਸ ਆਧੁਨਿਕ ਸਮੇਂ ਵਿੱਚ ਜੀਵਨ ਦੇ ਅਸੰਤੁਲਨ ਨਾਲ ਹੀ ਜੂਝ ਰਹੇ ਹਨ, ਬਹੁਤ ਮਸ਼ਕਤ ਕਰਨੀ ਪੈ ਰਹੀ ਹੈ ਉਨ੍ਹਾਂ ਨੂੰ, ਯੋਗ ਸਾਨੂੰ ਜੀਵਨ ਨੂੰ ਸੰਤੁਲਿਤ ਤਰੀਕੇ ਨਾਲ ਜਿਉਣ ਦੀ ਕਲਾ ਸਿਖਾਉਂਦਾ ਹੈ।

## 12ਵੇਂ ਅੰਤਰਰਾਸ਼ਟਰੀ ਯੋਗ ਦਿਵਸ ਦੇ ਰਾਸ਼ਟਰੀ ਆਯੋਜਨ ਦੀ ਪੀਐੱਮ ਮੋਦੀ ਨੇ ਕੀਤੀ ਅਗਵਾਈ


- ਕੋਲਕਾਤਾ ਦੇ ਰੈੱਡ ਰੋਡ 'ਤੇ 12ਵੇਂ ਅੰਤਰਰਾਸ਼ਟਰੀ ਯੋਗ ਦਿਵਸ ਦਾ ਰਾਸ਼ਟਰੀ ਆਯੋਜਨ।
- ਇਹ ਵਿਸ਼ਾ ਜੀਵਨ ਕਾਲ ਵਿੱਚ ਵਾਧਾ ਅਤੇ ਤੰਦਰੁਸਤ, ਸਰਗਰਮ ਅਤੇ ਮਾਣ ਨਾਲ ਬੁਢਾਪਾ ਬਿਤਾਉਣ 'ਤੇ ਹੈ।
- ਅੰਤਰਰਾਸ਼ਟਰੀ ਯੋਗ ਦਿਵਸ 2026 ਦਾ ਵਿਸ਼ਾ, 'ਸਿਹਤਮੰਦ ਬੁਢਾਪੇ ਦੇ ਲਈ ਯੋਗ'।
- ਯੋਗ ਅਭਿਆਸੀਆਂ ਦੇ ਨਾਲ ਕੌਮਨ ਯੋਗ ਪ੍ਰੋਟੋਕਾਲ ਸੈਸ਼ਨ ਵਿੱਚ ਪੀਐੱਮ ਮੋਦੀ ਨੇ ਹਿੱਸਾ ਲਿਆ।
- ਵਰ੍ਹੇ 2015 ਵਿੱਚ ਇਸ ਦੀ ਸਥਾਪਨਾ ਦੇ ਬਾਅਦ ਤੋਂ, ਸੰਯੁਕਤ ਰਾਸ਼ਟਰ ਮਹਾਸਭਾ ਨੇ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਦੇ ਰੂਪ ਵਿੱਚ ਮਨਾਉਣ ਦੇ ਭਾਰਤ ਦੇ ਪ੍ਰਸਤਾਵ ਨੂੰ ਅਪਣਾਇਆ।


**ਯੋਗ ਦਿਵਸ ਸਮਾਰੋਹ ਵਿਸ਼ਵ ਭਰ ਵਿੱਚ ਲਗਭਗ**

**2,500** **ਥਾਵਾਂ 'ਤੇ ਆਯੋਜਿਤ ਕੀਤਾ ਗਿਆ ਜਿਸ ਵਿੱਚ 210 ਤੋਂ ਵੱਧ ਦੂਤਾਵਾਸਾਂ ਦੀ ਰਹੀ ਭਾਗੀਦਾਰੀ।**

- **ਨਵੀਂ ਦਿੱਲੀ, ਚੰਡੀਗੜ੍ਹ, ਲਖਨਊ, ਮੈਸੂਰ, ਨਿਊਯਾਰਕ (ਸੰਯੁਕਤ ਰਾਸ਼ਟਰ ਹੈੱਡਕੁਆਰਟਰ), ਸ੍ਰੀਨਗਰ ਅਤੇ ਵਿਸ਼ਾਖਾਪੱਟਨਮ ਸਮੇਤ ਵੱਖ-ਵੱਖ ਥਾਵਾਂ 'ਤੇ ਮੁੱਖ ਸਮਾਰੋਹ ਦਾ ਹੋਇਆ ਆਯੋਜਨ।**







ਰਾਸ਼ਟਰਪਤੀ ਦ੍ਰੌਪਦੀ ਮੁਰਮੂ, ਰਕਸ਼ਾ ਮੰਤਰੀ ਰਾਜਨਾਥ ਸਿੰਘ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਵੀ ਕੀਤਾ ਯੋਗ।



ਉੱਤਰਾਖੰਡ ਦੇ ਰਿਸ਼ੀਕੇਸ਼ ਵਿੱਚ ਪਵਿੱਤਰ ਪਰਮਾਰਥ ਘਾਟ 'ਤੇ ਯੋਗ ਕਰਦੇ ਲੋਕ।

ਯੋਗ, ਕੀ ਕਰੀਏ ਅਤੇ ਕੀ ਨਾ ਕਰੀਏ, ਸਿਖਾਉਂਦਾ ਹੈ ਅਤੇ ਜਦੋਂ ਅਸੀਂ ਸਰੀਰ ਨੂੰ ਸਹੀ ਢੰਗ ਨਾਲ ਚਲਾਉਣਾ ਸਿੱਖ ਲੈਂਦੇ ਹਾਂ, ਤਦ ਅਸੀਂ ਤੰਦਰੁਸਤ ਰਹਿੰਦੇ ਹਾਂ।

ਪੱਛਮ ਬੰਗਾਲ ਦੇ ਕੋਲਕਾਤਾ ਵਿੱਚ ਆਯੋਜਿਤ 12ਵੇਂ ਅੰਤਰਰਾਸ਼ਟਰੀ ਯੋਗ ਦਿਵਸ ਸਮਾਰੋਹ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਯੋਗ ਸਿਰਫ਼ ਸਾਡੀ ਸਰੀਰਕ ਸਿਹਤ 'ਤੇ ਹੀ ਫੋਕਸ ਨਹੀਂ ਕਰਦਾ, ਯੋਗ ਮਾਨਸਿਕ ਸਿਹਤ ਤੋਂ ਸਰੀਰਕ ਸਿਹਤ ਦਾ ਮਾਰਗ ਦਿਖਾਉਂਦਾ ਹੈ। ਇਸ ਲਈ, ਯੋਗ ਦੇ ਵਿਸ਼ੇ ਵਿੱਚ "ਯੁਕਤ ਚੇਸ਼ਟਸਯ ਕਰਮਸੁ" ਕਿਹਾ ਗਿਆ ਹੈ। ਯਾਨੀ, ਸਾਨੂੰ ਕੀ ਕਰਨਾ ਚਾਹੀਦਾ ਹੈ, ਕੀ ਨਹੀਂ ਕਰਨਾ ਚਾਹੀਦਾ ਹੈ, ਇਸ ਦਾ ਬੋਧ! ਇਹ ਬੋਧ ਸਾਡੇ ਜੀਵਨ ਵਿੱਚ ਸ਼ਾਂਤੀ ਦਾ ਸਰੋਤ ਤਾਂ ਬਣਦਾ ਹੀ ਹੈ, ਇਸ ਨਾਲ ਵਿਸ਼ਵ ਸ਼ਾਂਤੀ ਦਾ ਰਾਹ ਵੀ ਖੁੱਲ੍ਹਦਾ ਹੈ। ਅੰਤਰਰਾਸ਼ਟਰੀ ਯੋਗ ਦਿਵਸ ਦੇ ਮੌਕੇ 'ਤੇ ਕਰੋੜਾਂ ਲੋਕ ਯੋਗ ਨਾਲ ਜੁੜਦੇ

*ਜਦੋਂ ਸਮਾਜ ਤੰਦਰੁਸਤ ਹੋਵੇਗਾ, ਤਦ ਰਾਸ਼ਟਰ ਵੀ ਵੱਧ ਸੁਖਮ, ਵੱਧ ਸਮ੍ਰਿੱਧ ਅਤੇ ਆਤਮਵਿਸ਼ਵਾਸੀ ਬਣੇਗਾ। ਮੈਂ ਤੁਹਾਡੇ ਸਾਰਿਆਂ ਦੇ ਲਈ ਕਾਮਨਾ ਕਰਦਾ ਹਾਂ, "ਸਰਵੇ ਭਵਨ੍ਤੁ ਸੁਖਿਨ:, ਸਰਵੇ ਸਨ੍ਤੁ ਨਿਰਾਮਯਾ:।' ਇਸ ਦੇ ਨਾਲ ਤੁਹਾਨੂੰ ਸਾਰਿਆਂ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਦੀਆਂ ਬਹੁਤ-ਬਹੁਤ ਸੁਭਾਕਮਨਾਵਾਂ।*

**– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



ਨਵੀਂ ਦਿੱਲੀ ਸਥਿਤ ਹੁਮਾਯੂੰ ਮਕਬਰਾ ਪਰਿਸਰ ਵਿੱਚ ਯੋਗ ਕਰਦੇ ਲੋਕ।



ਭਾਰਤੀ ਜਲ ਸੈਨਾ ਦੇ ਸ਼ਿਪ 'ਸੁਦਰਸ਼ਨੀ' ਨੇ ਅਮਰੀਕਾ ਦੇ ਵਰਜੀਨੀਆ ਰਾਜ ਦੇ ਨੌਰਫੌਕ ਵਿੱਚ 'ਟੌਲ ਸ਼ਿਪ' 'ਤੇ ਇੱਕ ਯੋਗ ਸੈਸ਼ਨ ਆਯੋਜਿਤ ਕੀਤਾ।



ਭਾਰਤੀ ਜਲ ਸੈਨਾ ਨੇ ਕਈ ਤਰੀਕਿਆਂ ਨਾਲ ਪਾਣੀ ਦੇ ਹੇਠਾਂ ਕੀਤਾ ਯੋਗ।



ਉਪਰਾਸ਼ਟਰਪਤੀ ਸੀ. ਪੀ ਰਾਧਾਕ੍ਰਿਸ਼ਣਨ ਲੇਹ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਸਮਾਰੋਹ ਵਿੱਚ ਹੋਏ ਸ਼ਾਮਲ।

ਹਨ। ਇਸ ਮੌਕੇ 'ਤੇ ਪੀਐੱਮ ਮੋਦੀ ਨੇ ਕਿਹਾ ਕਿ ਅੱਜ ਦਾ ਇਹ ਦਿਨ ਆਪਣੇ ਸਾਂਝੇ ਸੰਕਲਪ ਨੂੰ ਫਿਰ ਦੁਹਰਾਉਣ ਦਾ ਮੌਕਾ ਦਿੰਦਾ ਹੈ। ਆਓ, ਸੰਕਲਪ ਲਈਏ, ਯੋਗ ਨੂੰ ਸਿਰਫ ਇੱਕ ਦਿਵਸ ਤੱਕ ਸੀਮਤ ਨਹੀਂ ਰੱਖਾਂਗੇ, ਯੋਗ ਨੂੰ ਸਿਰਫ ਇੱਕ ਪ੍ਰੋਗਰਾਮ ਤੱਕ ਸੀਮਤ ਨਹੀਂ ਰੱਖਾਂਗੇ। ਯੋਗ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਵਾਂਗੇ। ਆਪਣੇ ਪਰਿਵਾਰ ਦਾ ਹਿੱਸਾ ਬਣਾਵਾਂਗੇ। ਆਪਣੀ ਆਉਣ ਵਾਲੀਆਂ ਪੀੜ੍ਹੀਆਂ ਦਾ ਹਿੱਸਾ ਬਣਾਵਾਂਗੇ। ■






# ਨਿਸ਼ਠਾ ਅਤੇ ਸਮਰਪਣ ਨੂੰ ਨਮਨ

*ਬੀਤੇ ਕੁਝ ਵਰ੍ਹਿਆਂ ਵਿੱਚ ਪਦਮ ਪੁਰਸਕਾਰਾਂ ਨੇ ਲੁਟੀਅਨਜ਼ ਦਿੱਲੀ ਦੇ ਗਲਿਆਰਿਆਂ ਵਿੱਚੋਂ ਨਿਕਲ ਕੇ ਭਾਰਤ ਦੇ ਦੂਰ-ਦੁਰਾਡੇ ਪਿੰਡਾਂ ਅਤੇ ਜੰਗਲਾਂ ਤੱਕ ਦਾ ਸਫ਼ਰ ਤੈਅ ਕੀਤਾ ਹੈ। ਅੱਜ ਦਾ 'ਪਦਮ ਸਨਮਾਨ' ਸਹੀ ਮਾਇਨਿਆਂ ਵਿੱਚ 'ਪੀਪਲਜ਼ ਪਦਮ' ਬਣ ਚੁੱਕਿਆਹੈ, ਜਿੱਥੇ ਪਛਾਣ ਦਾ ਅਧਾਰ ਕੋਈ ਰਸੂਖ ਨਹੀਂ, ਸਗੋਂ ਸਮਾਜ ਦੇ ਅੰਤਿਮ ਪੜਾਅ 'ਤੇ ਖੜ੍ਹੇ ਵਿਅਕਤੀ ਦੇ ਜੀਵਨ ਵਿੱਚ ਲਿਆਂਦੀ ਗਈ ਸਕਾਰਾਤਮਕ ਤਬਦੀਲੀ ਹੈ। ਪਦਮ ਸਨਮਾਨ ਪ੍ਰਾਪਤ ਕਰਨ ਵਾਲੇ ਇਸ ਗੱਲ ਦਾ ਜਿਉਂਦਾ-ਜਾਗਦਾ ਸਬੂਤ ਹਨ ਕਿ ਪ੍ਰਤਿਭਾ ਅਤੇ ਸੇਵਾ ਕਿਸੇ ਖਾਸ ਮਾਹੌਲ ਦੇ ਅਧੀਨ ਨਹੀਂ ਹੁੰਦੀ। ਇਸ ਵਿਸ਼ੇਸ਼ ਲੇਖ ਵਿੱਚ ਦੇਸ਼ ਦੇ ਉਨ੍ਹਾਂ 'ਨਾਇਕਾਂ' ਦੀਆਂ ਪ੍ਰੇਰਨਾਦਾਇਕ ਕਹਾਣੀਆਂ ਦੱਸੀਆਂ ਜਾ ਰਹੀਆਂ ਹਨ ਜਿਨ੍ਹਾਂ ਨੇ ਦੇਸ਼ ਦਾ ਸਿਰ ਕੀਤਾ ਹੈ ਉੱਚਾ...*

ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ 23 ਜੂਨ ਨੂੰ ਰਾਸ਼ਟਰਪਤੀ ਭਵਨ ਵਿੱਚ ਆਯੋਜਿਤ ਨਾਗਰਿਕ ਅਲੰਕਰਣ ਸਮਾਰੋਹ-II (Civil Investiture Ceremony-II) ਵਿੱਚ ਵਰ੍ਹੇ 2026 ਲਈ ਪਦਮ ਵਿਭੂਸ਼ਣ, ਪਦਮ ਭੂਸ਼ਣ ਅਤੇ ਪਦਮ ਸ਼੍ਰੀ ਪੁਰਸਕਾਰ ਪ੍ਰਦਾਨ ਕੀਤੇ। ਦੂਜੇ ਪੜਾਅ ਦੇ ਇਸ ਅਲੰਕਰਣ ਸਮਾਰੋਹ ਵਿੱਚ ਦੋ ਪਦਮ ਵਿਭੂਸ਼ਣ, 7 ਪਦਮ ਭੂਸ਼ਣ ਅਤੇ 57 ਨੂੰ ਪਦਮ ਸ਼੍ਰੀ ਸਨਮਾਨ ਦਿੱਤੇ ਗਏ। ਕੇਂਦਰ ਸਰਕਾਰ ਨੇ ਇਸੇ ਵਰ੍ਹੇ 25 ਜਨਵਰੀ ਨੂੰ ਇੱਕ ਸਾਂਝੇ ਸਮੇਤ 131 ਪਦਮ ਪੁਰਸਕਾਰ ਜੇਤੂਆਂ ਦੇ ਨਾਮਾਂ ਦਾ ਐਲਾਨ ਕੀਤਾ ਸੀ, ਪਹਿਲੇ ਪੜਾਅ ਦਾ ਅਲੰਕਰਣ ਸਮਾਰੋਹ 25 ਮਈ, 2026 ਨੂੰ ਹੋਇਆ ਸੀ।

ਸਨਮਾਨ ਸਮਾਰੋਹ ਦਾ ਪੂਰਾ ਪ੍ਰੋਗਰਾਮ ਦੇਖਣ ਲਈ QR ਕੋਡ ਸਕੈਨ ਕਰੋ।



# ਪਦਮ ਵਿਭੂਸ਼ਣ



## ਪੀ ਨਾਰਾਇਣਨ

ਨਾਰਾਇਣਜੀ ਦੇ ਨਾਮ ਨਾਲ ਪ੍ਰਸਿੱਧ ਪੀ ਨਾਰਾਇਣਨ ਰਾਸ਼ਟਰਵਾਦੀ ਪੱਤਰਕਾਰੀ ਦੇ ਦਿੱਗਜ ਅਤੇ ਇੱਕ ਮਹੱਤਵਪੂਰਨ ਸਮਾਜਿਕ-ਰਾਜਨੀਤਿਕ ਸੰਗਠਨਕਰਤਾ ਹਨ। ਨਾਰਾਇਣਜੀ ਨੇ ਕੇਰਲ ਵਿੱਚ ਕਦੇ ਹਾਸ਼ੀਏ 'ਤੇ ਰਹਿਣ ਵਾਲੀ ਵਿਚਾਰਧਾਰਾ ਨੂੰ ਪ੍ਰਗਟ ਕਰਨ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ। 28 ਮਈ, 1936 ਨੂੰ ਕੇਰਲ ਦੇ ਥੋਡੁਪੁਝਾ ਦੇ ਮਾਨਕੜ ਵਿੱਚ ਜਨਮੇ ਨਾਰਾਇਣਨ ਦੀ ਸਿੱਖਿਆ ਮਹਾਤਮਾ ਗਾਂਧੀ ਕਾਲਜ ਅਤੇ ਯੂਨੀਵਰਸਿਟੀ ਕਾਲਜ, ਤਿਰੂਵਨੰਤਪੁਰਮ ਵਿੱਚ ਹੋਈ। ਉਨ੍ਹਾਂ ਦੀ ਰਾਜਨੀਤਿਕ ਯਾਤਰਾ ਉਨ੍ਹਾਂ ਦੇ ਵਿਦਿਆਰਥੀ ਜੀਵਨ ਦੇ ਦਿਨਾਂ ਵਿੱਚ ਸ਼ੁਰੂ ਹੋਈ ਜਦੋਂ ਉਹ ਆਰਐੱਸਐੱਸ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਨੇ ਮੁੱਖ ਤੌਰ 'ਤੇ ਉੱਤਰੀ ਅਤੇ ਮੱਧ ਕੇਰਲ ਵਿੱਚ ਪ੍ਰਚਾਰਕ ਵਜੋਂ ਸੇਵਾ ਕਰਦੇ ਹੋਏ ਆਪਣਾ ਜੀਵਨ ਸਮਰਪਿਤ ਕਰ ਦਿੱਤਾ। ਪੱਤਰਕਾਰੀ ਤੋਂ ਇਲਾਵਾ, ਨਾਰਾਇਣਨ ਨੇ ਇੱਕ ਵਿਦਵਾਨ ਲੇਖਕ ਅਤੇ ਇੱਕ ਕੁਸ਼ਲ ਅਨੁਵਾਦਕ ਵਜੋਂ ਮਹੱਤਵਪੂਰਨ ਯੋਗਦਾਨ ਪਾਇਆ।

## ਜਸਟਿਸ (ਸੇਵਾਮੁਕਤ) ਕੇ. ਟੀ. ਥਾਮਸ

ਜਸਟਿਸ (ਸੇਵਾਮੁਕਤ) ਕੇ. ਟੀ. ਥਾਮਸ ਭਾਰਤ ਦੀ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਹਨ। 30 ਜਨਵਰੀ, 1937 ਨੂੰ ਜਨਮੇ ਥਾਮਸ ਨੇ ਆਪਣੀ ਕਾਲਜ ਦੀ ਸਿੱਖਿਆ ਸੀ.ਐੱਮ.ਐੱਸ. ਕਾਲਜ, ਕੋਟਾਯਮ ਤੋਂ ਪ੍ਰਾਪਤ ਕੀਤੀ। ਉਨ੍ਹਾਂ ਨੂੰ 1985 ਵਿੱਚ ਕੇਰਲ ਹਾਈ ਕੋਰਟ ਦੇ ਜੱਜ ਵਜੋਂ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਨੂੰ 1995 ਵਿੱਚ ਕੇਰਲ ਹਾਈ ਕੋਰਟ ਦੇ ਮੁੱਖ ਜੱਜ (ਕਾਰਜਕਾਰੀ) ਵਜੋਂ ਨਾਮਜ਼ਦ ਕੀਤਾ ਗਿਆ ਸੀ। ਮਾਰਚ 1996 ਵਿੱਚ, ਉਨ੍ਹਾਂ ਨੂੰ ਸੁਪਰੀਮ ਕੋਰਟ ਦੇ ਜੱਜ ਵਜੋਂ ਨਿਯੁਕਤ ਕੀਤਾ ਗਿਆ। ਉਹ ਵਰ੍ਹੇ 2002 ਵਿੱਚ ਸੁਪਰੀਮ ਕੋਰਟ ਤੋਂ ਸੇਵਾਮੁਕਤ ਹੋਏ। ਥਾਮਸ ਨੂੰ ਅਪਰਾਧਿਕ ਕਾਨੂੰਨ, ਪੁਲਿਸ ਸੁਧਾਰਾਂ ਅਤੇ ਨਿਜੀ ਪੇਸ਼ੇਵਰ ਸਿੱਖਿਆ ਦੇ ਖੇਤਰਾਂ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਲੜਾਈ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਜਾਣਿਆ ਜਾਂਦਾ ਹੈ। ਥਾਮਸ ਨੂੰ ਵਰ੍ਹੇ 2007 ਵਿੱਚ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਸੀ।





# ਪਦਮ ਭੂਸ਼ਣ



## ਡਾ. ਵਿਜੈ ਅੰਮ੍ਰਿਤਰਾਜ

ਡਾ. ਵਿਜੈ ਅੰਮ੍ਰਿਤਰਾਜ ਭਾਰਤ ਦੇ ਮਹਾਨ ਟੈਨਿਸ ਖਿਡਾਰੀਆਂ ਵਿੱਚੋਂ ਇੱਕ ਹਨ। 14 ਦਸੰਬਰ, 1953 ਨੂੰ ਚੇਨਈ ਵਿੱਚ ਜਨਮੇ ਡਾ. ਵਿਜੈ ਨੇ 14 ਵਰ੍ਹੇ ਦੀ ਉਮਰ ਤੋਂ ਹੀ ਜੂਨੀਅਰ ਮੁਕਾਬਲਿਆਂ ਵਿੱਚ ਭਾਰਤ ਦੀ ਨੁਮਾਇੰਦਗੀ ਕਰਨੀ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਨੇ ਆਪਣੇ ਕਰੀਅਰ ਦੌਰਾਨ ਕਈ ਯਾਦਗਾਰੀ ਜਿੱਤਾਂ ਦਰਜ ਕੀਤੀਆਂ। ਉਹ ਭਾਰਤੀ ਖੇਡਾਂ ਵਿੱਚ ਇੱਕ ਵੱਕਾਰੀ ਸ਼ਖ਼ਸੀਅਤ ਰਹੇ ਹਨ। ਡਾ. ਵਿਜੈ ਨੂੰ ਉਨ੍ਹਾਂ ਦੇ ਕਾਰਜਾਂ ਅਤੇ ਯੋਗਦਾਨ ਲਈ ਵਰ੍ਹੇ 1983 ਵਿੱਚ ਭਾਰਤ ਸਰਕਾਰ ਵੱਲੋਂ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਨੂੰ ਵਰ੍ਹੇ 2022 ਵਿੱਚ ਇੰਟਰਨੈਸ਼ਨਲ ਟੈਨਿਸ ਹਾਲ ਆਫ ਫੇਮ ਅਤੇ ਇੰਟਰਨੈਸ਼ਨਲ ਟੈਨਿਸ ਫੈੱਡਰੇਸ਼ਨ ਦੇ ਸਰਵਉੱਚ ਸਨਮਾਨ 'ਗੋਲਡਨ ਅਚੀਵਮੈਂਟ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਉਹ ਅੱਜ ਵੀ ਵੱਖ-ਵੱਖ ਮੰਚਾਂ 'ਤੇ ਆਪਣੇ ਵਿਚਾਰ ਪ੍ਰਗਟ ਕਰਦੇ ਰਹਿੰਦੇ ਹਨ ਅਤੇ ਉਨ੍ਹਾਂ ਕਦਰਾਂ-ਕੀਮਤਾਂ ਦੀ ਵਕਾਲਤ ਕਰਦੇ ਹਨ ਜੋ ਹਮੇਸ਼ਾ ਉਨ੍ਹਾਂ ਦੇ ਨੇੜੇ ਰਹੀਆਂ ਹਨ, ਜਿਵੇਂ ਭਾਰਤ ਦੀ ਉੱਤਮਤਾ, ਅਖੰਡਤਾ ਅਤੇ ਦ੍ਰਿੜ੍ਹ ਵਿਸ਼ਵਾਸ।

## ਡਾ. ਐੱਸਕੇਐੱਮ. ਮਲਿਆਨੰਦਨ

ਐਸਕੇਐੱਮ ਕੰਪਨੀ ਸਮੂਹ ਦੇ ਕਾਰਜਕਾਰੀ ਚੇਅਰਮੈਨ ਡਾ. ਐੱਸਕੇਐੱਮ. ਮਲਿਆਨੰਦਨ ਇੱਕ ਪ੍ਰਸਿੱਧ ਉੱਦਮੀ ਹੋਣ ਦੇ ਨਾਲ-ਨਾਲ ਵੱਖ-ਵੱਖ ਸਮਾਜਿਕ ਭਲਾਈ ਟਰਸਟਾਂ ਦੇ ਸੰਸਥਾਪਕ ਅਤੇ ਇੱਕ ਖਪਤਕਾਰ ਕਾਰਕੁੰਨ ਹਨ। ਉਹ ਪੂਰੀ ਦੁਨੀਆ ਵਿੱਚ ਯੋਗ ਅਤੇ ਧਿਆਨ ਦੇ ਪ੍ਰਸਾਰ ਦੇ ਨਾਲ-ਨਾਲ ਨਿਰਸੁਆਰਥ ਸੇਵਾ ਲਈ ਜਾਣੇ ਜਾਂਦੇ ਹਨ। 18 ਮਈ, 1945 ਨੂੰ ਤਮਿਲ ਨਾਡੂ ਦੇ ਇਰੋਡ ਜ਼ਿਲ੍ਹੇ ਵਿੱਚ ਜਨਮੇ ਡਾ. ਮਲਿਆਨੰਦਨ ਨੇ ਸਿਰਫ਼ ਸਕੂਲੀ ਸਿੱਖਿਆ ਹੀ ਪ੍ਰਾਪਤ ਕੀਤੀ ਹੈ। ਉਨ੍ਹਾਂ ਨੇ ਪੇਂਡੂ ਖੇਤਰਾਂ ਵਿੱਚ ਪੜ੍ਹੇ-ਲਿਖੇ ਅਤੇ ਅਨਪੜ੍ਹ ਲੋਕਾਂ ਦੇ ਸਵੈ-ਰੁਜ਼ਗਾਰ ਦਾ ਜ਼ਿੰਮਾ ਚੁੱਕਿਆ ਅਤੇ ਪੂਰੇ ਵਰ੍ਹੇ ਰੁਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ। ਉਨ੍ਹਾਂ ਨੇ ਬਜ਼ਾਰ ਅਤੇ ਮੁੱਲ ਨਿਰਧਾਰਣ ਵਿੱਚ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਅਧਿਐਨ, ਵਿਸ਼ਲੇਸ਼ਣ ਅਤੇ ਪੋਲਟਰੀ ਦੀਆਂ ਉੱਭਰਦੀਆਂ ਬਿਮਾਰੀਆਂ ਨੂੰ ਰੋਕਣ ਲਈ ਕਈ ਸੈਮੀਨਾਰ ਅਤੇ ਮੀਟਿੰਗਾਂ ਦਾ ਆਯੋਜਨ ਕੀਤਾ। ਉਨ੍ਹਾਂ ਨੂੰ 2013 ਵਿੱਚ ਸਮਾਜਿਕ ਕਾਰਜਾਂ ਲਈ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਸੀ।



# ਪਦਮ ਭੂਸ਼ਣ




## ਮੰਮੂਟੀ

ਮੁਹੰਮਦ ਕੁੱਟੀ ਪੰਨਾਪਰਾਮਬਿਲ ਇਸਮਾਈਲ ਉਰਫ਼ ਮੰਮੂਟੀ ਇੱਕ ਭਾਰਤੀ ਫ਼ਿਲਮ ਅਭਿਨੇਤਾ ਅਤੇ ਨਿਰਮਾਤਾ ਹਨ। ਉਹ ਦੱਖਣ ਭਾਰਤੀ ਭਾਸ਼ਾ ਸਿਨੇਮਾ ਵਿੱਚ ਸਰਗਰਮ ਹਨ, ਪਰ ਮੁੱਖ ਤੌਰ 'ਤੇ ਮਲਿਆਲਮ ਫ਼ਿਲਮ ਉਦਯੋਗ ਵਿੱਚ ਕੰਮ ਕਰਦੇ ਹਨ। 7 ਸਤੰਬਰ, 1951 ਨੂੰ ਜਨਮੇ ਮੰਮੂਟੀ ਦੇ ਪਿਤਾ ਇੱਕ ਕਿਸਾਨ ਸਨ, ਜਿਨ੍ਹਾਂ ਦੀਆਂ ਜੜ੍ਹਾਂ ਖੇਤੀਬਾੜੀ ਅਤੇ ਪੇਂਡੂ ਜੀਵਨ ਵਿੱਚ ਡੂੰਘੀਆਂ ਜੁੜੀਆਂ ਹੋਈਆਂ ਸਨ। ਪੰਜ ਦਹਾਕਿਆਂ ਦੇ ਕਰੀਅਰ ਵਿੱਚ ਮੰਮੂਟੀ ਨੇ 400 ਤੋਂ ਵੱਧ ਫ਼ਿਲਮਾਂ ਵਿੱਚ ਅਦਾਕਾਰੀ ਕੀਤੀ ਹੈ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਮਲਿਆਲਮ ਦੇ ਨਾਲ-ਨਾਲ ਕਈ ਤਮਿਲ, ਤੇਲਗੂ, ਕੰਨੜ, ਹਿੰਦੀ ਅਤੇ ਅੰਗਰੇਜ਼ੀ ਫ਼ਿਲਮਾਂ ਵੀ ਸ਼ਾਮਲ ਹਨ। ਉਨ੍ਹਾਂ ਨੂੰ ਭਾਰਤੀ ਸਿਨੇਮਾ ਦੇ ਮਹਾਨ ਅਭਿਨੇਤਾਵਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਸਿਨੇਮਾ ਵਿੱਚ ਆਪਣੇ ਯੋਗਦਾਨ ਤੋਂ ਇਲਾਵਾ, ਉਨ੍ਹਾਂ ਨੇ ਮਨੁੱਖੀ ਯਤਨਾਂ ਅਤੇ ਭਾਈਚਾਰਕ ਵਿਕਾਸ ਵਿੱਚ ਸਰਗਰਮ ਰੂਪ ਵਿੱਚ ਯੋਗਦਾਨ ਪਾਇਆ ਹੈ। ਫ਼ਿਲਮਾਂ ਅਤੇ ਕਲਾ ਵਿੱਚ ਯੋਗਦਾਨ ਲਈ ਉਨ੍ਹਾਂ ਨੂੰ ਵਰ੍ਹੇ 1998 ਵਿੱਚ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਸੀ।

## ਵੇੱਲਾਪੱਲੀ ਨਟੇਸ਼ਨ

ਵੇੱਲਾਪੱਲੀ ਨਟੇਸ਼ਨ ਕੇਰਲ ਦੀ ਇੱਕ ਪ੍ਰਮੁੱਖ ਸਮਾਜਿਕ ਆਗੂ ਅਤੇ ਪ੍ਰਸਿੱਧ ਸ਼ਖਸੀਅਤ ਹਨ। ਉਹ ਸ਼੍ਰੀ ਨਾਰਾਇਣ ਧਰਮ ਪਰਿਪਾਲਨ (ਐੱਸਐੱਨਡੀਪੀ) ਯੋਗਮ ਦੇ ਜਨਰਲ ਸਕੱਤਰ ਅਤੇ ਸ਼੍ਰੀ ਨਾਰਾਇਣ ਟਰਸਟ ਦੇ ਸਕੱਤਰ ਵੀ ਹਨ। 10 ਸਤੰਬਰ, 1937 ਨੂੰ ਕੇਰਲ ਦੇ ਅਲੱਪੁਝਾ ਜ਼ਿਲ੍ਹੇ ਦੇ ਕਨਿਚੁਕੁਲੰਗਰਾ ਵਿੱਚ ਜਨਮੇ ਨਟੇਸ਼ਨ, ਪਿਛੜੇ ਵਰਗਾਂ ਦੀ ਸਮਾਜਿਕ ਅਤੇ ਵਿਦਿਅਕ ਉੱਨਤੀ ਲਈ ਵਚਨਬੱਧ ਇੱਕ ਪ੍ਰਮੁੱਖ ਆਗੂ ਵਜੋਂ ਉੱਭਰੇ। ਨਟੇਸ਼ਨ ਨੇ ਸ਼੍ਰੀ ਨਾਰਾਇਣ ਗੁਰੂ ਦੁਆਰਾ ਵਰ੍ਹੇ 1903 ਵਿੱਚ ਸਥਾਪਿਤ ਐੱਸਐੱਨਡੀਪੀ ਯੋਗਮ ਅੰਦੋਲਨ ਨੂੰ ਨਵੀਂ ਉਰਜਾ ਦਿੱਤੀ। ਉਨ੍ਹਾਂ ਦੀ ਅਗਵਾਈ ਵਿੱਚ, ਵਰ੍ਹੇ 1996 ਤੋਂ ਬਾਅਦ ਸੰਗਠਨ ਦਾ ਵਿਸਥਾਰ ਵਿਆਪਕ ਜ਼ਮੀਨੀ ਪੱਧਰ 'ਤੇ ਪਹੁੰਚਿਆ ਅਤੇ ਇਹ ਇੱਕ ਆਧੁਨਿਕ ਸਮਾਜਿਕ-ਆਰਥਿਕ ਅੰਦੋਲਨ ਵਜੋਂ ਵਿਕਸਿਤ ਹੋਇਆ। ਉਨ੍ਹਾਂ ਦੀ ਅਗਵਾਈ ਵਿੱਚ ਸ਼ਾਖਾਵਾਂ ਦੀ ਗਿਣਤੀ 3,000 ਤੋਂ ਵਧ ਕੇ 6,000 ਤੋਂ ਵੱਧ ਹੋ ਗਈ। ਨਟੇਸ਼ਨ ਨੇ ਸ਼ਾਖਾ ਪੱਧਰ 'ਤੇ ਪਰਿਵਾਰਕ ਇਕਾਈਆਂ ਦੀ ਵੀ ਸ਼ੁਰੂਆਤ ਕੀਤੀ ਅਤੇ ਸੰਗਠਨ ਨੂੰ ਹਰ ਘਰ ਤੱਕ ਪਹੁੰਚਾਇਆ।





## ਪਦਮ ਭੂਸ਼ਣ



### ਡਾ. ਦੱਤਾਤ੍ਰੇਯੁਡੁ ਨੋਰੀ

ਡਾ. ਦੱਤਾਤ੍ਰੇਯੁਡੁ ਨੋਰੀ ਅੰਤਰਰਾਸ਼ਟਰੀ ਪੱਧਰ 'ਤੇ ਇਕ ਪ੍ਰਸਿੱਧ ਓਨਕੋਲੋਜਿਸਟ, ਅਗਾਂਹਵਧੂ ਡਾਕਟਰ ਅਤੇ ਇੱਕ ਮਹੱਤਵਪੂਰਨ ਬੁੱਧੀਜੀਵੀ ਵਿਅਕਤੀ ਹਨ। ਚਾਰ ਦਹਾਕਿਆਂ ਤੋਂ ਵੱਧ ਦੇ ਆਪਣੇ ਕਰੀਅਰ ਦੌਰਾਨ, ਉਨ੍ਹਾਂ ਨੇ ਨਿਊਯਾਰਕ ਵਿੱਚ ਵਿਸ਼ਵ ਪ੍ਰਸਿੱਧ ਕਾਰਨੇਲ ਮੈਡੀਕਲ ਸੈਂਟਰ ਵਿੱਚ ਓਨਕੋਲੋਜੀ ਦੇ ਪ੍ਰੋਫੈਸਰ ਅਤੇ ਚੇਅਰਮੈਨ ਅਤੇ ਕੈਂਸਰ ਸੈਂਟਰ ਦੇ ਡਾਇਰੈਕਟਰ ਦੇ ਅਹੁਦੇ 'ਤੇ ਕੰਮ ਕੀਤਾ ਹੈ। ਉਨ੍ਹਾਂ ਨੂੰ ਕੈਂਸਰ ਦੀਆਂ ਕਈ ਇਲਾਜ ਤਕਨੀਕਾਂ ਦਾ ਪਤਾ ਲਗਾਉਣ ਵਿੱਚ ਮੋਹਰੀ ਭੂਮਿਕਾ ਨਿਭਾਉਣ ਲਈ ਵਿਆਪਕ ਤੌਰ 'ਤੇ ਜਾਣਿਆ ਜਾਂਦਾ ਹੈ। ਇਸ ਨਾਲ ਇਲਾਜ ਦੀਆਂ ਦਰਾਂ ਵਿੱਚ ਮਹੱਤਵਪੂਰਨ ਸੁਧਾਰ ਹੋਇਆ ਅਤੇ ਵਿਸ਼ਵ ਪੱਧਰ 'ਤੇ ਮਰੀਜ਼ਾਂ ਦੀਆਂ ਜਾਨਾਂ ਬਚਾਉਣ ਵਿੱਚ ਮਦਦ ਮਿਲੀ। 18 ਅਕਤੂਬਰ 1947 ਨੂੰ ਜਨਮੇ ਡਾ. ਨੋਰੀ ਨੇ ਕੈਂਸਰ ਕੇਂਦਰਾਂ ਦੀ ਸਥਾਪਨਾ ਲਈ ਵੱਖ-ਵੱਖ ਸਰਕਾਰਾਂ ਅਤੇ ਨਿਜੀ ਸੰਸਥਾਵਾਂ ਨਾਲ ਮਿਲ ਕੇ ਆਪਣੀ ਮੁਹਾਰਤ ਸਾਂਝੀ ਕੀਤੀ। ਭਾਰਤ ਸਰਕਾਰ ਨੇ ਮੈਡੀਕਲ ਦੇ ਖੇਤਰ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਵਰ੍ਹੇ 2015 ਵਿੱਚ ਉਨ੍ਹਾਂ ਨੂੰ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਸੀ।

### ਸ਼ਿਬੂ ਸੋਰੇਨ, ਮਰਨਉਪਰੰਤ



ਸ਼ਰਧਾਪੂਰਵਕ 'ਦਿਸ਼ੋਮ ਗੁਰੂ' ਦੇ ਨਾਮ ਨਾਲ ਪਛਾਣ ਰੱਖਣ ਵਾਲੇ ਸ਼ਿਬੂ ਸੋਰੇਨ ਭਾਰਤ ਦੇ ਪ੍ਰਮੁੱਖ ਕਬਾਇਲੀ ਜਨਤਕ ਨੇਤਾ, ਸਮਾਜ ਸੁਧਾਰਕ ਅਤੇ ਝਾਰਖੰਡ ਅੰਦੋਲਨ ਦੇ ਮੁੱਖ ਸ਼ਿਲਪਕਾਰਾਂ ਵਿੱਚੋਂ ਇੱਕ ਸਨ। ਉਹ ਕਬਾਇਲੀ ਭਾਈਚਾਰਿਆਂ ਦੀ ਪਛਾਣ, ਸਨਮਾਨ, ਨਿਆਂ ਅਤੇ ਸਵੈ-ਸ਼ਾਸਨ ਨਾਲ ਸਬੰਧਿਤ ਲੰਬੇ ਸਮੇਂ ਦੀਆਂ ਇੱਛਾਵਾਂ ਦੇ ਮਜ਼ਬੂਤ ਅਤੇ ਨੈਤਿਕ ਅਤੇ ਰਾਜਨੀਤਿਕ ਬੁਲਾਰੇ ਸਨ। ਉਨ੍ਹਾਂ ਦਾ ਜੀਵਨ ਜਲ, ਜੰਗਲ ਅਤੇ ਜ਼ਮੀਨ ਦੇ ਨੈਤਿਕ ਸੁਰੱਖਿਆ ਦੇ ਸਿਧਾਂਤ ਦੇ ਸਥਾਈ ਪ੍ਰਗਟਾਵੇ ਦਾ ਪ੍ਰਤੀਕ ਰਿਹਾ ਹੈ। 11 ਜਨਵਰੀ 1944 ਨੂੰ ਝਾਰਖੰਡ ਦੇ ਰਾਮਗੜ੍ਹ ਜ਼ਿਲ੍ਹੇ ਦੇ ਨੇਮਰਾ ਪਿੰਡ ਵਿੱਚ ਜਨਮੇ ਸੋਰੇਨ ਇੱਕ ਸਧਾਰਣ ਸੰਥਾਲ ਕਬਾਇਲੀ ਪਰਿਵਾਰ ਨਾਲ ਸਬੰਧ ਰੱਖਦੇ ਸਨ। ਉਨ੍ਹਾਂ ਨੇ ਤਿੰਨ ਵਾਰ ਝਾਰਖੰਡ ਦੇ ਮੁੱਖ ਮੰਤਰੀ ਅਤੇ ਕੇਂਦਰੀ ਕੋਲਾ ਮੰਤਰੀ ਵਜੋਂ ਕੰਮ ਕੀਤਾ। ਲੱਖਾਂ ਲੋਕਾਂ ਲਈ ਸੋਰੇਨ ਸਿਰਫ਼ ਇੱਕ ਰਾਜਨੇਤਾ ਨਹੀਂ, ਸਗੋਂ ਸਮ੍ਰਿਤੀ, ਪ੍ਰਤੀਰੋਧ ਅਤੇ ਉਮੀਦ ਦੇ ਸਰਪ੍ਰਸਤ ਸਨ। ਉਨ੍ਹਾਂ ਨੇ ਕਬਾਇਲੀ ਅਧਿਕਾਰਾਂ, ਸਮਾਜਿਕ ਨਿਆਂ, ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਕੁਦਰਤੀ ਸਰੋਤਾਂ 'ਤੇ ਸਥਾਨਕ ਭਾਈਚਾਰਿਆਂ ਦੇ ਅਧਿਕਾਰਾਂ ਦੀ ਨਿਰੰਤਰ ਵਕਾਲਤ ਕੀਤੀ। ਸ਼ਿਬੂ ਸੋਰੇਨ ਦਾ 4 ਅਗਸਤ 2025 ਨੂੰ ਦੇਹਾਂਤ ਹੋ ਗਿਆ ਸੀ।



### ਅਲਕਾ ਯਾਗਨਿਕ

ਅਲਕਾ ਯਾਗਨਿਕ ਭਾਰਤ ਦੀ ਇੱਕ ਪ੍ਰਸਿੱਧ ਪਲੇਅਬੈਕ ਗਾਇਕਾ ਹਨ। ਚਾਰ ਦਹਾਕਿਆਂ ਤੋਂ ਵੱਧ ਦੀ ਗਾਇਕੀ ਦੀ ਯਾਤਰਾ ਵਿੱਚ, ਉਨ੍ਹਾਂ ਦੀ ਮਿੱਠੀ ਆਵਾਜ਼, ਕਲਾਤਮਕ ਉੱਤਮਤਾ ਅਤੇ ਨਿਰੰਤਰ ਸਮਰਪਣ ਨੇ ਭਾਰਤੀ ਸਿਨੇਮਾ ਅਤੇ ਸੱਭਿਆਚਾਰਕ ਵਿਰਾਸਤ ਨੂੰ ਬਹੁਤ ਸਮ੍ਰਿੱਧ ਕੀਤਾ ਹੈ। ਉਨ੍ਹਾਂ ਨੇ ਆਪਣੀ ਮਾਂ ਸ਼ੁਭਾ ਯਾਗਨਿਕ ਦੇ ਮਾਰਗਦਰਸ਼ਨ ਹੇਠ ਭਾਰਤੀ ਸ਼ਾਸਤਰੀ ਸੰਗੀਤ ਦੀ ਸ਼ੁਰੂਆਤੀ ਸਿਖਲਾਈ ਪ੍ਰਾਪਤ ਕੀਤੀ ਸੀ। 20 ਮਾਰਚ 1960 ਨੂੰ ਕੋਲਕਾਤਾ ਵਿੱਚ ਜਨਮੀ ਯਾਗਨਿਕ ਨੇ ਇੱਕ ਅਜਿਹੇ ਸ਼ਾਸਤਰੀ ਸੰਗੀਤ ਬੈਕਗ੍ਰਾਊਂਡ ਦੇ ਨਾਲ ਆਪਣੀ ਸੰਗੀਤਕ ਯਾਤਰਾ ਸ਼ੁਰੂ ਕੀਤੀ, ਜਿਸ ਨੇ ਉਨ੍ਹਾਂ ਨੂੰ ਵਿਸ਼ੇਸ਼ ਕਲਾਤਮਕ ਸੰਵੇਦਨਸ਼ੀਲਤਾ ਅਤੇ ਮਿੱਠੀ ਪਛਾਣ ਪ੍ਰਦਾਨ ਕੀਤੀ। ਯਾਗਨਿਕ ਯੂਟਿਊਬ 'ਤੇ ਹੁਣ ਤੱਕ ਦੀ ਸਭ ਤੋਂ ਪ੍ਰਸਿੱਧ ਸੰਗੀਤ ਕਲਾਕਾਰ ਹਨ। ਯਾਗਨਿਕ ਨੂੰ ਭਾਰਤੀ ਸੰਗੀਤ ਵਿੱਚ ਵਿਸ਼ੇਸ਼ ਯੋਗਦਾਨ ਲਈ ਕਈ ਵੱਕਾਰੀ ਸਨਮਾਨਾਂ ਅਤੇ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਿਆ ਹੈ। ਦਹਾਕਿਆਂ ਤੋਂ ਉਨ੍ਹਾਂ ਦੀਆਂ ਕਲਾਤਮਕ ਪ੍ਰਾਪਤੀਆਂ ਅਤੇ ਨਿਰੰਤਰ ਪ੍ਰਸਿੱਧੀ ਉਨ੍ਹਾਂ ਦੀ ਅਸਧਾਰਣ ਪ੍ਰਤਿਭਾ ਅਤੇ ਕਲਾ ਪ੍ਰਤੀ ਉਨ੍ਹਾਂ ਦੀ ਅਟੁੱਟ ਵਚਨਬੱਧਤਾ ਦਾ ਸਬੂਤ ਹੈ।




# ਭਾਰਤ

# ਗਲੋਬਲ ਸਾਊਥ ਦੀਆਂ ਉਮੀਦਾਂ ਅਤੇ ਇੱਛਾਵਾਂ ਦੀ ਮਜ਼ਬੂਤ ਆਵਾਜ਼

*ਸਰਕਾਰ ਦੀਆਂ ਨੀਤੀਆਂ ਅਤੇ ਦੂਰਦਰਸ਼ੀ ਅਗਵਾਈ ਨੇ ਦੁਨੀਆ ਭਰ ਵਿੱਚ ਭਾਰਤ ਦਾ ਮਾਣ ਵਧਾਇਆ ਹੈ। ਅੱਜ ਭਾਰਤ ਸਿਰਫ਼ ਆਪਣੀ ਹੀ ਨਹੀਂ, ਸਗੋਂ 'ਗਲੋਬਲ ਸਾਊਥ' (ਵਿਕਾਸਸ਼ੀਲ ਅਤੇ ਗ਼ਰੀਬ ਦੇਸ਼ਾਂ) ਦੀਆਂ ਉਮੀਦਾਂ ਅਤੇ ਜ਼ਰੂਰਤਾਂ ਦੀ ਬੁਲੰਦ ਆਵਾਜ਼ ਬਣ ਚੁੱਕਿਆ ਹੈ। ਦੁਨੀਆ ਵਿੱਚ ਭਾਰਤ ਦੀ ਵਧਦੀ ਤਾਕਤ ਅਤੇ ਸਾਖ਼ ਦਾ ਹੀ ਨਤੀਜਾ ਹੈ ਕਿ ਲਗਾਤਾਰ ਅੱਠਵੀਂ ਵਾਰ ਜੀ- 7 ਸਮਿਟ ਵਿੱਚ ਸੱਦਾ ਮਿਲਿਆ। ਇਸੇ ਲੜੀ ਵਿੱਚ, ਪ੍ਰਧਾਨ ਮੰਤਰੀ ਨਰੇਂਦਰ ਮੋਦੀ 13 ਤੋਂ 18 ਜੂਨ ਤੱਕ ਫਰਾਂਸ ਅਤੇ ਸਲੋਵਾਕੀਆ ਦੀ ਯਾਤਰਾ 'ਤੇ ਰਹੇ। ਇਸ ਦੌਰਾਨ ਉਨ੍ਹਾਂ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਸਮੇਤ ਕਈ ਗਲੋਬਲ ਲੀਡਰਸ ਨਾਲ ਮੁਲਾਕਾਤ ਕੀਤੀ ਅਤੇ ਆਪਸੀ ਸਹਿਯੋਗ ਦੇ ਨਾਲ-ਨਾਲ ਦੁਨੀਆ ਦੇ ਅਹਿਮ ਮੁੱਦਿਆਂ 'ਤੇ ਵਿਸਥਾਰ ਨਾਲ ਕੀਤੀ ਚਰਚਾ...*

ਆਲਮੀ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਦੁਨੀਆ ਦੇ ਸਾਹਮਣੇ ਖੜ੍ਹੀਆਂ ਚੁਣੌਤੀਆਂ ਦੇ ਲਈ, ਪ੍ਰਧਾਨ ਮੰਤਰੀ ਨਰੇਂਦਰ ਮੋਦੀ 13 ਤੋਂ 18 ਜੂਨ ਤੱਕ ਫਰਾਂਸ ਅਤੇ ਸਲੋਵਾਕੀਆ ਦੇ ਦੌਰੇ 'ਤੇ ਰਹੇ। ਉੱਥੇ ਉਨ੍ਹਾਂ ਨੇ ਜੀ-7 ਸਮਿਟ ਵਿੱਚ ਹਿੱਸਾ ਲਿਆ ਅਤੇ ਕਈ ਗਲੋਬਲ ਲੀਡਰਸ ਦੇ ਨਾਲ ਦੁਵੱਲੀ ਗੱਲਬਾਤ ਕੀਤੀ। ਇਸ ਯਾਤਰਾ ਦੇ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਵਿਵਾਟੇਕ ਸੰਮੇਲਨ ਵਿੱਚ ਹਿੱਸਾ ਲਿਆ ਜੋ ਕਿ ਯੂਰੋਪ ਦੇ ਤਕਨਾਲੋਜੀ ਅਤੇ ਨਵੀਨਤਾ ਦਾ ਸਭ ਤੋਂ ਵੱਡਾ ਸੰਮੇਲਨ ਸੀ। ਇਸ ਸੰਮੇਲਨ ਵਿੱਚ ਭਾਰਤ ਦਾ ਸਭ ਤੋਂ ਵੱਡਾ ਰਾਸ਼ਟਰੀ ਪਵੇਲੀਅਨ ਬਣਾਇਆ ਗਿਆ ਸੀ। ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਮੈਕ੍ਰੋਂ 'ਭਾਰਤ ਇਨੋਵੇਟਸ' ਵਿੱਚ ਵੀ ਸ਼ਾਮਲ ਹੋਏ। ਪ੍ਰਧਾਨ ਮੰਤਰੀ ਮੋਦੀ ਨੇ ਪੈਰਿਸ ਵਿੱਚ ਭਾਰਤੀ ਭਾਈਚਾਰੇ ਦੇ ਲੋਕਾਂ ਨਾਲ ਵੀ ਮੁਲਾਕਾਤ ਕੀਤੀ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 'ਸਬਕਾ ਸਾਥ, ਸਬਕਾ ਵਿਕਾਸ, ਸਬਕਾ

> *ਜੀ-7 ਦੀ ਪੂੰਜੀ, ਭਾਰਤ ਦੀ ਪ੍ਰਤਿਭਾ ਅਤੇ ਗਲੋਬਲ ਸਾਊਥ ਦੇ ਦੇਸ਼ਾਂ ਦੀ ਮਾਲਕੀ ਨੂੰ ਜੋੜਦੇ ਹੋਏ ਅਸੀਂ 'ਇੰਟਰਨੈਸ਼ਨਲ ਮੋਬੀਲਾਈਜ਼ੇਸ਼ਨ ਪਾਰਟਨਰਸ਼ਿਪ ਫਾਰ ਐਕਸੀਲਰੇਟਿੰਗ ਕਨੈਕਟੀਵਿਟੀ ਐਂਡ ਟ੍ਰੇਡ' ਯਾਨੀ IMPACT, ਬਣਾਉਣ ਬਾਰੇ ਵਿਚਾਰ ਕਰ ਸਕਦੇ ਹਾਂ। ਇਸ ਦਾ ਉਦੇਸ਼ ਅਜਿਹੇ ਗਲਿਆਰੇ ਬਣਾਉਣਾ ਹੋਣਾ ਚਾਹੀਦਾ ਹੈ, ਜੋ ਕਿ ਵਪਾਰ, ਤਕਨਾਲੋਜੀ, ਊਰਜਾ ਅਤੇ ਮੌਕਿਆਂ ਨੂੰ ਆਪਸ ਵਿੱਚ ਜੋੜਨ।*
>
> **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

## ਪਹਿਲੀ ਵਾਰ ਕਿਸੇ ਭਾਰਤੀ ਪ੍ਰਧਾਨ ਮੰਤਰੀ ਦੀ ਸਲੋਵਾਕੀਆ ਯਾਤਰਾ

ਭਾਰਤ ਅਤੇ ਸਲੋਵਾਕੀਆ ਨੇ 1993 ਵਿੱਚ ਕੂਟਨੀਤਕ ਸਬੰਧ ਸਥਾਪਿਤ ਹੋਣ ਦੇ ਬਾਅਦ ਤੋਂ ਰਵਾਇਤੀ ਦੋਸਤੀ ਤੇ ਵਿਸ਼ਵਾਸ, ਸਮਾਨਤਾ ਅਤੇ ਆਪਸੀ ਸਨਮਾਨ ਦੇ ਅਧਾਰ 'ਤੇ ਬਹੁ-ਆਯਾਮੀ ਸਹਿਯੋਗ ਵਿਕਸਿਤ ਕੀਤਾ ਹੈ। ਦੋਵੇਂ ਦੇਸ਼ਾਂ ਦੇ ਦਰਮਿਆਨ ਆਰਥਿਕ ਸਹਿਯੋਗ ਦੇ ਲਈ ਵਧੇਰੇ ਸੰਭਾਵਨਾ ਵਾਲੇ ਖੇਤਰਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਵਿੱਚ 'ਭਾਰਤ- ਸਲੋਵਾਕੀਆ ਸੰਯੁਕਤ ਆਰਥਿਕ ਕਮੇਟੀ' ਦੀ ਭੂਮਿਕਾ ਨੂੰ ਹੋਰ ਮਜ਼ਬੂਤ ਕਰਨ ਬਾਰੇ ਸਹਿਮਤੀ ਬਣੀ। ਪ੍ਰਧਾਨ ਮੰਤਰੀ ਮੋਦੀ ਅਤੇ ਸਲੋਵਾਕੀਆ ਦੇ ਪ੍ਰਧਾਨ ਮੰਤਰੀ ਨੇ ਬੈਠਕ ਵਿੱਚ ਵਧ ਰਹੇ ਆਰਥਿਕ, ਵਪਾਰਕ ਅਤੇ ਲੋਕਾਂ ਦਰਮਿਆਨ ਅਦਾਨ-ਪ੍ਰਦਾਨ ਨੂੰ ਪਹੁੰਚਯੋਗ ਬਣਾਉਣ ਦੇ ਲਈ ਸਿੱਧੇ ਹਵਾਈ ਸੰਪਰਕ ਦੀਆਂ ਸੰਭਾਵਨਾਵਾਂ ਦੀ ਤਲਾਸ਼ ਕਰਨ ਨੂੰ ਵੀ ਉਤਸ਼ਾਹਿਤ ਕੀਤਾ। ਦੋਵੇਂ ਨੇਤਾ ਸਿੱਖਿਆ ਅਤੇ ਵਿਗਿਆਨ ਦੇ ਖੇਤਰ ਵਿੱਚ ਆਪਸੀ ਅਦਾਨ-ਪ੍ਰਦਾਨ ਨੂੰ ਹੋਰ ਮਜ਼ਬੂਤ ਕਰਨ ਦੇ ਮਕਸਦ ਨਾਲ, ਵਿਦਿਆਰਥੀਆਂ, ਅਕਾਦਮਿਕਾਂ ਅਤੇ ਖੋਜ ਕਰਤਾਵਾਂ ਦੀ ਆਵਾਜਾਈ ਨੂੰ ਹੁਲਾਰਾ ਦੇਣ 'ਤੇ ਸਹਿਮਤ ਹੋਏ।



## 'ਆਰਡਰ ਆਫ ਦ ਵ੍ਹਾਈਟ ਡਬਲ ਕਰੌਸ, ਫਸਟ ਕਲਾਸ' ਸਨਮਾਨ

ਸਲੋਵਾਕੀਆ ਦੇ ਰਾਸ਼ਟਰਪਤੀ ਪੀਟਰ ਪੇਲੇਗ੍ਰਿਨੀ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਉੱਥੋਂ ਦੇ ਸਰਬਉੱਚ ਸਰਕਾਰੀ ਸਨਮਾਨ 'ਆਰਡਰ ਆਫ ਦ ਵ੍ਹਾਈਟ ਡਬਲ ਕਰੌਸ, ਪਹਿਲੀ ਸ਼੍ਰੇਣੀ' ਨਾਲ ਸਨਮਾਨਿਤ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਇਸ ਵੱਕਾਰੀ ਸਨਮਾਨ ਦੇ ਲਈ ਸਲੋਵਾਕੀਆ ਦੇ ਰਾਸ਼ਟਰਪਤੀ ਅਤੇ ਉੱਥੋਂ ਦੇ ਲੋਕਾਂ ਪ੍ਰਤੀ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਨੇ ਇਸ ਸਨਮਾਨ ਨੂੰ ਭਾਰਤ ਦੇ 1.4 ਅਰਬ ਲੋਕਾਂ ਅਤੇ ਦੋਵੇਂ ਦੇਸ਼ਾਂ ਦਰਮਿਆਨ ਦੋਸਤਾਨਾ ਸਬੰਧਾਂ ਨੂੰ ਸਮਰਪਿਤ ਕੀਤਾ।

ਪ੍ਰਧਾਨ ਮੰਤਰੀ ਮੋਦੀ ਨੂੰ ਹੁਣ ਤੱਕ ਕੁੱਲ **34** ਦੇਸ਼ਾਂ ਨੇ ਆਪਣਾ ਸਰਬਉੱਚ ਸਨਮਾਨ ਦਿੱਤਾ ਹੈ।



ਵਿਸ਼ਵਾਸ, ਸਬਕਾ ਪ੍ਰਯਾਸ' ਦੇ ਸਿਧਾਂਤਾਂ 'ਤੇ ਅਧਾਰਿਤ ਭਾਰਤ ਦੇ ਸਮਾਵੇਸ਼ੀ ਵਿਕਾਸ ਦਾ ਜ਼ਿਕਰ ਕੀਤਾ। ਫਰਾਂਸ ਦੇ ਏਵੀਅਨ ਵਿੱਚ ਆਯੋਜਿਤ ਜੀ-7 ਸਮਿਟ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ 'ਸਾਰਿਆਂ ਦੇ ਲਈ ਸੰਤੁਲਿਤ, ਸਾਂਝਾ ਅਤੇ ਟਿਕਾਊ ਆਰਥਿਕ ਵਿਕਾਸ ਵੱਲ ਵਧਣ' ਬਾਰੇ ਆਯੋਜਿਤ ਆਊਟਰੀਚ ਸੈਸ਼ਨ ਨੂੰ ਸੰਬੋਧਨ ਕੀਤਾ। ਨਾਲ ਹੀ, 'ਇੰਸ਼ਿਓਰਿੰਗ ਏ ਸੇਫ, ਰੈਪਿਡ ਐਂਡ ਐਫਿਸ਼ੀਐਂਟ ਰੋਲ ਆਊਟ ਆਫ ਆਰਟੀਫਿਸ਼ੀਅਲ ਇੰਟੈਲੀਜੈਂਸ' ਵਿਸ਼ੇ 'ਤੇ ਆਯੋਜਿਤ ਸੈਸ਼ਨ ਨੂੰ ਵੀ ਸੰਬੋਧਨ ਕੀਤਾ। ਜੀ-20 ਦੀ ਪ੍ਰਧਾਨਗੀ ਵਿੱਚ ਭਾਰਤ ਦੇ ਸਮਾਵੇਸ਼ੀ ਵਿਕਾਸ ਦਾ ਮੰਤਰ 'ਇੱਕ ਪ੍ਰਿਥਵੀ, ਇੱਕ ਪਰਿਵਾਰ, ਇੱਕ ਭਵਿੱਖ' ਦੇ ਆਦਰਸ਼ ਵਾਕ ਦੇ ਰੂਪ ਵਿੱਚ ਦਿਖਿਆ ਸੀ। ਇਸੇ ਤਰ੍ਹਾਂ ਦਾ ਦ੍ਰਿਸ਼ਟੀਕੋਣ ਭਾਰਤ- ਪੱਛਮੀ ਏਸ਼ੀਆ-ਯੂਰੋਪ ਆਰਥਿਕ ਗਲਿਆਰੇ ਦੀ ਕਲਪਨਾ ਦਾ ਵੀ ਅਧਾਰ ਰਿਹਾ ਹੈ।

**ਦੂਜੇ ਵਿਸ਼ਵ ਯੁੱਧ ਦੇ ਦੌਰਾਨ ਸਲੋਵਾਕੀਆ ਦੀ ਮੁਕਤੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੇ ਬਹਾਦਰ ਸੈਨਿਕਾਂ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸ਼ਰਧਾਂਜਲੀ ਦਿੱਤੀ।**

ਜਿਸ ਦਾ ਉਦੇਸ਼ ਸਪਲਾਈ ਚੇਨਾਂ ਨੂੰ ਮਜ਼ਬੂਤ ਬਣਾਉਣਾ, ਨਿਵੇਸ਼ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ ਅਤੇ ਨਵੀਨਤਾ ਨੂੰ ਹੁਲਾਰਾ ਦੇਣਾ ਹੈ। ਸੰਕਟਾਂ ਅਤੇ ਸੰਘਰਸ਼ਾਂ ਦਾ ਗਲੋਬਲ ਸਾਊਥ ਦੇ ਦੇਸ਼ਾਂ 'ਤੇ ਗੰਭੀਰ ਅਤੇ ਪ੍ਰਤੀਕੂਲ ਅਸਰ ਪਿਆ ਹੈ। ਇਨ੍ਹਾਂ ਦੇਸ਼ਾਂ 'ਤੇ ਪੈਣ ਵਾਲੇ ਬੋਝ ਨੂੰ ਘੱਟ ਕਰਨ ਦੇ ਲਈ ਅੰਤਰਰਾਸ਼ਟਰੀ ਇਕਜੁੱਟਤਾ ਅਤੇ ਸਹਿਯੋਗ ਦਾ ਪ੍ਰਧਾਨ ਮੰਤਰੀ ਮੋਦੀ ਨੇ ਸੱਦਾ ਦਿੱਤਾ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਅੰਤਰਰਾਸ਼ਟਰੀ ਵਿੱਤੀ ਸੰਸਥਾਵਾਂ ਨੂੰ ਅਜਿਹੀਆਂ ਸਹਾਇਤਾ ਵਿਧੀਆਂ ਵਿਕਸਿਤ ਕਰਨੀਆਂ

## 'ਭਾਰਤ ਇਨੋਵੇਟਸ 2026' ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਲਿਆ ਹਿੱਸਾ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕ੍ਰੋਂ ਨੇ ਨੀਸ ਵਿੱਚ ਸਾਂਝੇ ਤੌਰ 'ਤੇ 'ਭਾਰਤ ਇਨੋਵੇਟਸ 2026' ਦਾ ਉਦਘਾਟਨ ਕੀਤਾ। 'ਭਾਰਤ ਇਨੋਵੇਟਸ' ਵਿੱਚ ਭਾਰਤੀ ਡੀਪ- ਟੈੱਕ ਸਟਾਰਟਅੱਪ, ਇਨੋਵੇਟਰਸ, ਰਿਸਰਚਰ ਅਤੇ ਇਨਵੈਸਟਰਸ, ਗਲੋਬਲ ਇਨੋਵੇਸ਼ਨ ਫੰਡਸ ਇੱਕ ਮੰਚ 'ਤੇ ਇਕੱਠੇ ਆਏ। ਦੁਨੀਆ ਭਰ ਦੇ 350 ਤੋਂ ਵੱਧ ਪ੍ਰਮੁੱਖ ਨਿਵੇਸ਼ਕਾਂ ਅਤੇ ਵੈਂਚਰ ਕੈਪਿਟਲਿਸਟ ਨੇ ਹਿੱਸਾ ਲਿਆ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਟਾਰਟਅੱਪ ਦਾ ਮੁਲਾਂਕਣ ਸਿਰਫ਼ ਉਨ੍ਹਾਂ ਦੇ ਬਜ਼ਾਰ ਮੁਲਾਂਕਣ ਨਾਲ ਨਹੀਂ, ਸਗੋਂ ਮਨੁੱਖਤਾ 'ਤੇ ਉਨ੍ਹਾਂ ਦੇ ਪ੍ਰਭਾਵ ਨਾਲ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਕੁਆਂਟਮ ਕੰਪਿਊਟਿੰਗ, ਸੈਮੀਕੰਡਕਟਰ, ਜੈਵ ਤਕਨਾਲੋਜੀ, ਰੱਖਿਆ, ਪੁਲਾੜ, ਸਿਹਤ ਸੰਭਾਲ, ਮੇਡਟੈੱਕ, ਉੱਨਤ ਸਮੱਗਰੀ, ਸਾਫ ਊਰਜਾ ਅਤੇ ਹੋਰ ਖੇਤਰਾਂ ਵਿੱਚ ਫੈਲੇ ਸਟਾਰਟਅੱਪ ਅਤੇ ਇਨੋਵੇਟਰਸ ਦੇ ਨਾਲ ਵੀ ਗੱਲਬਾਤ ਕੀਤੀ।




ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।





## ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਹੋਈ ਮੁਲਾਕਾਤ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦਰਮਿਆਨ ਜੀ-7 ਸਮਿਟ ਦੇ ਦੌਰਾਨ ਇੱਕ ਮਹੱਤਵਪੂਰਨ ਮੁਲਾਕਾਤ ਹੋਈ, ਜਿਸ ਵਿੱਚ ਦੋਵੇਂ ਨੇਤਾਵਾਂ ਨੇ ਆਪਸੀ ਅਤੇ ਆਲਮੀ ਮੁੱਦਿਆਂ ਬਾਰੇ ਖੁੱਲ ਕੇ ਗੱਲ ਕੀਤੀ। ਬੈਠਕ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਸਟ੍ਰੇਟ ਆਫ ਹੋਰਮੁਜ਼ ਵਿੱਚ ਸੁਰੱਖਿਅਤ ਅਤੇ ਬਿਨਾ ਕਿਸੇ ਰੁਕਾਵਟ ਦੇ ਸਮੁੰਦਰੀ ਵਪਾਰ ਨੂੰ ਬਣਾਈ ਰੱਖਣ ਦੇ ਨਾਲ- ਨਾਲ ਸਮੁੰਦਰੀ ਯਾਤਰੀਆਂ ਦੀ ਸੁਰੱਖਿਆ ਨੂੰ ਬਹੁਤ ਜ਼ਰੂਰੀ ਦੱਸਿਆ। ਉਨ੍ਹਾਂ ਨੇ ਪੱਛਮ ਏਸ਼ੀਆ ਵਿੱਚ ਚੱਲ ਰਹੇ ਯੁੱਧ ਨੂੰ ਰੋਕਣ ਅਤੇ ਉੱਥੇ ਸ਼ਾਂਤੀ ਸਥਾਪਿਤ ਕਰਨ ਦੇ ਲਈ ਰਾਸ਼ਟਰਪਤੀ ਟਰੰਪ ਦੇ ਯਤਨਾਂ ਦੀ ਸ਼ਲਾਘਾ ਵੀ ਕੀਤੀ। ਇਸ ਤੋਂ ਇਲਾਵਾ, ਦੋਵੇਂ ਨੇਤਾਵਾਂ ਨੇ ਫਰਵਰੀ 2025 ਦੀ ਆਪਣੀ ਵਾਸ਼ਿੰਗਟਨ ਬੈਠਕ ਦੇ ਬਾਅਦ ਤੋਂ ਰੱਖਿਆ, ਆਧੁਨਿਕ ਤਕਨਾਲੋਜੀ, ਊਰਜਾ ਅਤੇ ਵਪਾਰ ਦੇ ਖੇਤਰਾਂ ਵਿੱਚ ਹੋਈ ਤਰੱਕੀ ਦੀ ਸਮੀਖਿਆ ਕੀਤੀ। ਦੋਵੇਂ ਨੇਤਾਵਾਂ ਨੇ ਭਾਰਤ ਅਤੇ ਅਮਰੀਕਾ ਦੇ ਦਰਮਿਆਨ ਵਪਾਰ ਸਮਝੌਤੇ ਨੂੰ ਲੈ ਕੇ ਹੋ ਰਹੀ ਗੱਲਬਾਤ 'ਤੇ ਸੰਤੋਸ਼ ਪ੍ਰਗਟਾਇਆ। ਆਪਣੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਕਿ ਉਹ ਜਲਦੀ ਤੋਂ ਜਲਦੀ ਸੰਤੁਲਿਤ ਸਮਝੌਤਾ ਤਿਆਰ ਕਰਨ, ਜਿਸ ਨਾਲ ਦੋਵੇਂ ਦੇਸ਼ਾਂ ਨੂੰ ਫਾਇਦਾ ਹੋਵੇ।

ਚਾਹੀਦੀਆਂ ਹਨ, ਜੋ ਵਿਕਾਸਸ਼ੀਲ ਦੇਸ਼ਾਂ ਨੂੰ ਆਰਥਿਕ ਲਚਕਤਾ ਪ੍ਰਦਾਨ ਕਰ ਸਕਣ। ਪ੍ਰਧਾਨ ਮੰਤਰੀ ਮੋਦੀ ਨੇ 'ਸੰਪਰਕ ਅਤੇ ਵਪਾਰ ਵਿੱਚ ਤੇਜ਼ੀ ਲਿਆਉਣ ਦੇ ਲਈ ਅੰਤਰਰਾਸ਼ਟਰੀ ਲਾਮਬੰਦੀ ਸਾਂਝੇਦਾਰੀ' ਜਾਂ ਇੰਪੈਕਟ ਦੇ ਗਠਨ ਦਾ ਸੁਝਾਅ ਰੱਖਿਆ ਜਿਸ ਵਿੱਚ ਜੀ- 7 ਦੀ ਪੂੰਜੀ, ਭਾਰਤ ਦੀ ਪ੍ਰਤਿਭਾ ਅਤੇ ਗਲੋਬਲ ਸਾਊਥ ਦੀ ਮਾਲਕੀ ਨੂੰ ਜੋੜਿਆ ਜਾ ਸਕਦਾ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕ੍ਰੋਂ ਦੇ ਦਰਮਿਆਨ ਹੋਈ ਬੈਠਕ ਵਿੱਚ ਦੋਵੇਂ ਦੇਸ਼ਾਂ ਦੇ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕਰਨ ਬਾਰੇ ਚਰਚਾ ਹੋਈ। ਇਸ ਦੇ ਤਹਿਤ ਅਗਲੇ ਪੰਜ ਵਰ੍ਹਿਆਂ ਵਿੱਚ ਆਪਸੀ ਵਪਾਰ ਨੂੰ ਦੁੱਗਣਾ ਕਰਨ ਅਤੇ ਛੋਟੇ ਉਦਯੋਗਾਂ, ਰੇਲਵੇ ਅਤੇ ਐਵੀਏਸ਼ਨ ਖੇਤਰਾਂ ਵਿੱਚ ਸਹਿਯੋਗ ਵਧਾਉਣ ਦਾ ਫੈਸਲਾ ਕੀਤਾ ਗਿਆ। ਦੋਵੇਂ ਨੇਤਾਵਾਂ ਨੇ ਪੁਲਾੜ ਖੇਤਰ ਵਿੱਚ ਪ੍ਰਾਈਵੇਟ ਕੰਪਨੀਆਂ ਨੂੰ ਹੁਲਾਰਾ ਦੇਣ ਅਤੇ 'ਹੌਰਾਇਜ਼ਨ 2047 ਰੋਡਮੈਪ' ਦੇ ਜ਼ਰੀਏ ਤਕਨੀਕ ਅਤੇ ਇਨੋਵੇਸ਼ਨ ਨੂੰ ਮਜ਼ਬੂਤ ਕਰਨ ਬਾਰੇ ਗੱਲ ਕੀਤੀ। ਸਿੱਖਿਆ ਦੇ ਖੇਤਰ ਵਿੱਚ ਕਾਨਪੁਰ ਵਿੱਚ ਏਅਰੋਨੌਟਿਕਸ ਦੇ ਲਈ ਇੱਕ 'ਉੱਤਮਤਾ ਕੇਂਦਰ' ਸਥਾਪਿਤ ਕੀਤਾ ਜਾਵੇਗਾ ਅਤੇ ਫਰਾਂਸੀਸੀ ਯੂਨੀਵਰਸਿਟੀਆਂ ਨੂੰ ਭਾਰਤ ਵਿੱਚ ਆਪਣੇ ਕੈਂਪਸ ਖੋਲ੍ਹਣ ਦੇ ਲਈ ਸੱਦਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ, ਲੋਥਲ ਦੇ ਸਮੁੰਦਰੀ ਵਿਰਾਸਤ ਪਰਿਸਰ ਸਮੇਤ ਦੋਵੇਂ ਦੇਸ਼ਾਂ ਦੇ ਮਿਊਜ਼ੀਅਮਾਂ ਦੇ ਦਰਮਿਆਨ ਸੱਭਿਆਚਾਰਕ ਸਹਿਯੋਗ ਨੂੰ ਵਧਾਉਣ ਅਤੇ ਯੂਕ੍ਰੇਨ ਤੇ ਪੱਛਮੀ ਏਸ਼ੀਆ ਵਰਗੇ ਆਲਮੀ ਮੁੱਦਿਆਂ ਬਾਰੇ ਵਿਸਥਾਰ ਨਾਲ ਚਰਚਾ ਹੋਈ। ■



# ਭਾਰਤ ਅਤੇ ਸੇਸ਼ੈਲਸ ਦੀ ਦੋਸਤੀ ਦੇ ਸੁਨਹਿਰੀ 50 ਵਰ੍ਹੇ

*ਹਿੰਦ ਮਹਾਸਾਗਰ ਵਿੱਚ ਭਾਰਤ ਦੇ ਅਹਿਮ ਸਮੁੰਦਰੀ ਗੁਆਂਢੀ ਅਤੇ ਰਣਨੀਤਕ ਸਹਿਯੋਗੀ ਦੇਸ਼ ਸੇਸ਼ੈਲਸ ਦੇ ਨਾਲ ਕੂਟਨੀਤਕ ਸਬੰਧਾਂ ਦੇ 50ਵੇਂ ਵਰ੍ਹੇ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 27 ਤੋਂ 29 ਜੂਨ ਤੱਕ ਉੱਥੋ ਦੀ ਯਾਤਰਾ ਕੀਤੀ। ਯਾਤਰਾ ਦੇ ਦੌਰਾਨ ਨਾ ਸਿਰਫ਼ ਦੋਵੇਂ ਦੇਸ਼ਾਂ ਦਰਮਿਆਨ ਕਈ ਮਹੱਤਵਪੂਰਨ ਸਮਝੌਤੇ ਹੋਏ, ਸਗੋਂ ਪ੍ਰਧਾਨ ਮੰਤਰੀ ਮੋਦੀ ਸੇਸ਼ੈਲਸ ਦੀ ਨੈਸ਼ਨਲ ਅਸੈਂਬਲੀ ਨੂੰ ਸੰਬੋਧਨ ਕਰਨ ਵਾਲੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਵੀ ਬਣੇ। ਇੰਨਾ ਹੀ ਨਹੀਂ, ਸੇਸ਼ੈਲਸ ਦੇ ਰਾਸ਼ਟਰੀ ਦਿਵਸ ਦੇ ਗੋਲਡਨ ਜੁਬਲੀ ਸਮਾਰੋਹ ਵਿੱਚ ਸਨਮਾਨਿਤ ਮਹਿਮਾਨ ਦੇ ਰੂਪ ਵਿੱਚ ਸ਼ਾਮਲ ਹੋ ਕੇ ਉਨ੍ਹਾਂ ਨੇ ਦੋਵੇਂ ਦੇਸ਼ਾਂ ਦੇ ਦਰਮਿਆਨ ਮਜ਼ਬੂਤ ਹੁੰਦੇ ਸਬੰਧਾਂ ਨੂੰ ਦਿੱਤੀ ਇੱਕ ਨਵੀਂ ਉਚਾਈ...*

ਸੇਸ਼ੈਲਸ ਦੀ ਸਰਕਾਰੀ ਯਾਤਰਾ 'ਤੇ ਰਹੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਉੱਥੋਂ ਦੇ ਰਾਸ਼ਟਰਪਤੀ ਡਾ. ਪੈਟ੍ਰਿਕ ਹਰਮਿਨੀ ਦੇ ਨਾਲ ਦੁਵੱਲੀ ਗੱਲਬਾਤ ਕੀਤੀ। ਗੱਲਬਾਤ ਵਿੱਚ ਸਿਹਤ, ਸਿੱਖਿਆ, ਕੌਸ਼ਲ ਵਿਕਾਸ, ਡਿਜੀਟਲ ਪਰਿਵਰਤਨ, ਟਿਕਾਊ ਵਿਕਾਸ, ਸੋਸ਼ਲ ਇਨਫ੍ਰਾਸਟ੍ਰਕਚਰ, ਅਖੁੱਟ ਊਰਜਾ, ਸਮੁੰਦਰੀ ਸੁਰੱਖਿਆ ਅਤੇ ਰੱਖਿਆ ਖੇਤਰ ਵਿੱਚ ਸਹਿਯੋਗ 'ਤੇ ਮਜ਼ਬੂਤ ਸਹਿਮਤੀ ਬਣੀ। ਹਿੰਦ ਮਹਾਸਾਗਰ ਖੇਤਰ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਸਮੁੰਦਰੀ ਡਕੈਤੀ ਵਰਗੀਆਂ



## ਸੇਸ਼ੈਲਸ ਦੀ ਨੈਸ਼ਨਲ ਅਸੈਂਬਲੀ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੀਤਾ ਸੰਬੋਧਨ

ਸੇਸ਼ੈਲਸ ਦੇ ਰਾਸ਼ਟਰਪਤੀ ਡਾ. ਪੈਟ੍ਰਿਕ ਹਰਮਿਨੀ ਵੱਲੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਰਾਸ਼ਟਰਪਤੀ ਦੇ ਵਿਸ਼ੇਸ਼ ਸਨਮਾਨ 'ਗਾਰਜਿਅਨ ਆਫ ਦ ਬਲੂ ਹੌਰਿਜਨ' ਨਾਲ ਸਨਮਾਨਿਤ ਕੀਤਾ ਗਿਆ। ਪ੍ਰਧਾਨ ਮੰਤਰੀ ਨੂੰ ਇਹ ਸਨਮਾਨ ਉਨ੍ਹਾਂ ਦੀ ਗ੍ਰੀਨ ਲੀਡਰਸ਼ਿਪ, ਵਿਕਾਸਸ਼ੀਲ ਦੇਸ਼ਾਂ ਦੇ ਹਿਤਾਂ ਨੂੰ ਅੱਗੇ ਵਧਾਉਣ ਦੀਆਂ ਕੋਸ਼ਿਸ਼ਾਂ, ਨੀਲੀ ਅਰਥਵਿਵਸਥਾ, ਜਲਵਾਯੂ ਪਰਿਵਰਤਨ, ਸਮੁੰਦਰੀ ਸੰਸਾਧਨਾਂ ਦੇ ਪ੍ਰਬੰਧਨ ਪ੍ਰਤੀ ਉਨ੍ਹਾਂ ਦੀ ਲੰਬੇ ਸਮੇਂ ਦੀ ਵਚਨਬੱਧਤਾ ਦੇ ਲਈ ਪ੍ਰਦਾਨ ਕੀਤਾ ਗਿਆ ਹੈ। ਇਹ ਸਨਮਾਨ ਹਿੰਦ ਮਹਾਸਾਗਰ ਖੇਤਰ ਵਿੱਚ ਸਮਰੱਥਾ ਵਿਕਾਸ, ਵਾਤਾਵਰਣ ਦੀ ਸੰਭਾਲ, ਟਿਕਾਊ ਵਿਕਾਸ ਦੀਆਂ ਪਹਿਲਕਦਮੀਆਂ ਅਤੇ ਸਾਂਝੀਆਂ ਤਰਜੀਹਾਂ ਨੂੰ ਅੱਗੇ ਵਧਾਉਣ ਵਿੱਚ ਭਾਰਤ ਦੀ ਵਧਦੀ ਭੂਮਿਕਾ ਨੂੰ ਸੇਸ਼ੈਲਸ ਦੁਆਰਾ ਦਿੱਤੇ ਜਾਣ ਵਾਲੇ ਮਹੱਤਵ ਨੂੰ ਦਰਸਾਉਂਦਾ ਹੈ।

## ਸੇਸ਼ੈਲਸ ਦੀ ਸੁਤੰਤਰਤਾ ਦੀ 50ਵੀਂ ਵਰ੍ਹੇਗੰਢ


ਸੇਸ਼ੈਲਸ ਦੀ ਸੁਤੰਤਰਤਾ ਦੀ 50ਵੀਂ ਵਰ੍ਹੇਗੰਢ 'ਤੇ ਆਯੋਜਿਤ ਸਮਾਰੋਹ ਵਿੱਚ ਬਤੌਰ ਸਨਮਾਨਿਤ ਮਹਿਮਾਨ ਪ੍ਰਧਾਨ ਮੰਤਰੀ ਮੋਦੀ ਸ਼ਾਮਲ ਹੋਏ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸੇਸ਼ੈਲਸ ਦੇ ਸੁਤੰਤਰਤਾ ਦਿਵਸ ਸਮਾਰੋਹ ਵਿੱਚ ਹਿੱਸਾ ਲੈਣ ਵਾਲੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਹਨ। ਭਾਰਤੀ ਹਥਿਆਰਬੰਦ ਬਲਾਂ ਦੀਆਂ ਟੁਕੜੀਆਂ ਵੀ ਸੇਸ਼ੈਲਸ ਦੀ ਸੁਤੰਤਰਤਾ ਦੀ ਗੋਲਡਨ ਜੁਬਲੀ 'ਤੇ ਆਯੋਜਿਤ ਰਾਸ਼ਟਰੀ ਪਰੇਡ ਵਿੱਚ ਸ਼ਾਮਲ ਹੋਈਆਂ।

## ਯਾਤਰਾ ਨਾਲ ਜੁੜੇ ਮਹੱਤਵਪੂਰਨ ਤੱਥ...

- ਭਾਰਤ ਅਤੇ ਸੇਸ਼ੈਲਸ ਦੇ ਦਰਮਿਆਨ ਸੰਪਰਕ ਵਧਾਉਣ 'ਤੇ ਹੋਵੇਗਾ ਕੰਮ, ਇਸ ਨਾਲ ਦੋਵੇਂ ਦੇਸ਼ਾਂ ਦਰਮਿਆਨ ਵਪਾਰ ਵਧੇਗਾ।
- ਡਿਜੀਟਲ ਪਬਲਿਕ ਇਨਫ੍ਰਾਸਟ੍ਰਕਚਰ ਵਿੱਚ ਭਾਰਤ ਦੇ ਸਫਲ ਅਨੁਭਵ ਨੂੰ ਸੇਸ਼ੈਲਸ ਦੇ ਨਾਲ ਕੀਤਾ ਜਾਵੇਗਾ ਸਾਂਝਾ।
- ਭਾਰਤ ਸੇਸ਼ੈਲਸ ਦੇ ਸਿਵਿਲ ਸਰਵੈਂਟ ਦੀ ਟ੍ਰੇਨਿੰਗ ਵਿੱਚ ਦੇਵੇਗਾ ਯੋਗਦਾਨ।
- ਜਨ ਔਸ਼ਧੀ 'ਤੇ ਐੱਮਓਯੂ, ਇਸ ਨਾਲ ਇੱਥੇ ਦੇ ਲੋਕਾਂ ਨੂੰ ਗੁਣਵੱਤਾਪੂਰਨ ਅਤੇ ਸਸਤੀ ਦਰ 'ਤੇ ਦਵਾਈ ਉਪਲਬਧ ਹੋਵੇਗੀ।
- ਸਪੇਸ ਦੇ ਖੇਤਰ ਵਿੱਚ ਦੋਵੇਂ ਦੇਸ਼ਾਂ ਨੇ ਮਿਲ ਕੇ ਅੱਗੇ ਵਧਣ ਦਾ ਕੀਤਾ ਹੈ ਫੈਸਲਾ।

## ਸੇਸ਼ੈਲਸ ਦੀ ਨੈਸ਼ਨਲ ਅਸੈਂਬਲੀ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੀਤਾ ਸੰਬੋਧਨ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸੇਸ਼ੈਲਸ ਨੈਸ਼ਨਲ ਅਸੈਂਬਲੀ ਨੂੰ ਸੰਬੋਧਨ ਕਰਨ ਵਾਲੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਬਣੇ। ਉਨ੍ਹਾਂ ਨੇ ਕਿਹਾ, "ਹਿੰਦ ਮਹਾਸਾਗਰ ਖੇਤਰ ਦਾ ਇਹ ਪਹਿਲਾ ਦੇਸ਼ ਹੈ ਜਿੱਥੇ ਮੈਂ ਪ੍ਰਧਾਨ ਮੰਤਰੀ ਦੇ ਰੂਪ ਵਿੱਚ 2015 ਵਿੱਚ ਦੌਰਾ ਕੀਤਾ ਸੀ। ਪ੍ਰਧਾਨ ਮੰਤਰੀ ਦੇ ਰੂਪ ਵਿੱਚ ਅਫਰੀਕੀ ਦੇਸ਼ ਦੀ ਇਹ ਮੇਰੀ ਪਹਿਲੀ ਯਾਤਰਾ ਵੀ ਸੀ। ਮੈਂ ਇੱਥੇ ਇਸ ਲਈ ਆਇਆ ਕਿਉਂਕਿ ਮੇਰਾ ਮੰਨਣਾ ਸੀ ਕਿ ਸੇਸ਼ੈਲਸ ਹਿੰਦ ਮਹਾਸਾਗਰ ਦੇ ਲਈ ਭਾਰਤ ਦੇ ਦ੍ਰਿਸ਼ਟੀਕੋਣ ਵਿੱਚ ਇੱਕ ਵਿਸ਼ੇਸ਼ ਸਥਾਨ ਰੱਖਦਾ ਹੈ। ਅੱਜ, ਜਦੋਂ ਮੈਂ ਇੱਕ ਦਹਾਕੇ ਬਾਅਦ ਇੱਥੇ ਫਿਰ ਆਇਆ ਹਾਂ, ਤਾਂ ਉਹ ਦ੍ਰਿੜ੍ਹ ਵਿਸ਼ਵਾਸ ਪਹਿਲਾਂ ਤੋਂ ਕਿਤੇ ਵਧੇਰੇ ਮਜ਼ਬੂਤ ਹੋਇਆ ਹੈ।" ਪ੍ਰਧਾਨ ਮੰਤਰੀ ਮੋਦੀ ਨੇ ਇਹ ਵੀ ਕਿਹਾ ਕਿ ਸਾਡੀ ਦੋਸਤੀ 50 ਵਰ੍ਹੇ ਪਹਿਲਾਂ ਸਾਡੇ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੇ ਨਾਲ ਨਹੀਂ ਸਗੋਂ ਇਸ ਦੀ ਸ਼ੁਰੂਆਤ ਬਹੁਤ ਪਹਿਲਾਂ ਹੋ ਗਈ ਸੀ। ਅਗਸਤ 1770 ਵਿੱਚ, ਸੈਂਟ ਐਨੀ ਦ੍ਵੀਪ 'ਤੇ ਥੇਲੇਮਾਕ ਜਹਾਜ਼ 'ਤੇ ਸਵਾਰ ਹੋਣ ਵਾਲੇ ਲੋਕਾਂ ਵਿੱਚ ਪੰਜ ਭਾਰਤੀ ਸਨ। ਉਸ ਯਾਤਰਾ ਨੇ ਕਈ ਹੋਰ ਲੋਕਾਂ ਨੂੰ ਰਾਹ ਦਿਖਾਇਆ ਜੋ ਉਸ ਦਾ ਅਨੁਸਰਣ ਕਰ ਰਹੇ ਸਨ।




### ਸੇਸ਼ੈਲਸ ਨੂੰ ਭਾਰਤ ਦਾ ਤੋਹਫਾ

- ਇੱਕ ਤੇਜ਼ ਗਤੀ ਵਾਲੀ ਪੈਟਰੋਲ ਵੈਸਲ ਤੋਹਫੇ ਦੇ ਰੂਪ ਵਿੱਚ ਪ੍ਰਦਾਨ ਕੀਤੀ ਗਈ।
- ਸੇਸ਼ੈਲਸ ਰੱਖਿਆ ਬਲ ਨੂੰ 10 ਉਪਯੋਗੀ ਵਾਹਨ ਅਤੇ ਲੇਜ਼ਰ ਰੇਡੀਅਲ ਕੈਟੇਗਰੀ ਦੀਆਂ 5 ਬੋਟਸ।
- **6** ਐਂਬੂਲੈਂਸ
- **500** ਮੀਟ੍ਰਿਕ ਟਨ ਚੌਲ
- **8500** ਮੀਟ੍ਰਿਕ ਟਨ ਸੀਮੇਂਟ

ਚੁਣੌਤੀਆਂ ਸਮੇਤ ਖੇਤਰੀ ਅਤੇ ਆਲਮੀ ਘਟਨਾਕ੍ਰਮਾਂ ਬਾਰੇ ਵੀ ਚਰਚਾ ਹੋਈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸੇਸ਼ੈਲਸ ਦੀਆਂ ਵਿਕਾਸ ਤਰਜੀਹਾਂ ਦੇ ਸਮਰਥਨ ਅਤੇ ਦੋਵੇਂ ਦੇਸ਼ਾਂ ਦੇ ਦਰਮਿਆਨ ਡੂੰਘੀ ਅਤੇ ਸਥਾਈ ਸਾਂਝੇਦਾਰੀ ਨੂੰ ਮਜ਼ਬੂਤ ਕਰਨ ਦੇ ਪ੍ਰਤੀ ਭਾਰਤ ਦੀ ਵਚਨਬੱਧਤਾ ਦੁਹਰਾਈ। ਦੋਵੇਂ ਨੇਤਾਵਾਂ ਨੇ ਭਾਰਤ ਅਤੇ ਸੇਸ਼ੈਲਸ ਦੇ ਦਰਮਿਆਨ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੇ 50 ਵਰ੍ਹੇ ਪੂਰੇ ਹੋਣ ਦੇ ਮੌਕੇ ਇੱਕ ਸੰਯੁਕਤ ਸਮਾਰਕ ਲੋਗੋ ਵੀ ਜਾਰੀ ਕੀਤਾ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।



## ਮਹਿਲਾ ਖੇਡ ਜਗਤ ਦਾ ਸੁਨਹਿਰੀ ਯੁੱਗ

# ਖੇਲੋ ਇੰਡੀਆ ਤੋਂ ਆਲਮੀ ਮੰਚ ਤੱਕ




*ਅੱਜ ਦਾ ਭਾਰਤ ਬਦਲ ਰਿਹਾ ਹੈ। ਇਸ ਤਬਦੀਲੀ ਦੀ ਬੁਲੰਦ ਤਸਵੀਰ ਇੱਕ ਵਾਰ ਫਿਰ ਤੋਂ ਖੇਡ ਦੇ ਮੈਦਾਨ ਤੋਂ ਆਈ ਹੈ। ਮੁਸੀਬਤਾਂ 'ਤੇ ਕਾਬੂ ਪਾਉਂਦੇ ਹੋਏ ਮਹਿਲਾ ਖਿਡਾਰੀਆਂ ਨੇ ਨਾ ਸਿਰਫ਼ ਅੰਤਰਰਾਸ਼ਟਰੀ ਮੰਚਾਂ 'ਤੇ ਤਿਰੰਗਾ ਲਹਿਰਾਇਆ ਹੈ, ਸਗੋਂ ਦੇਸ਼ ਦੇ ਕਰੋੜਾਂ ਨੌਜਵਾਨਾਂ ਨੂੰ ਨਵੇਂ ਸੁਪਨੇ ਦੇਖਣ ਦਾ ਹੌਂਸਲਾ ਵੀ ਦਿੱਤਾ ਹੈ। ਓਲੰਪਿਕ ਦੇ ਪੋਡੀਅਮ ਤੋਂ ਲੈ ਕੇ ਕ੍ਰਿਕੇਟ ਦੀਆਂ ਪਿਚਾਂ ਤੱਕ, ਇਨ੍ਹਾਂ ਬੇਟੀਆਂ ਦਾ ਸ਼ਾਨਦਾਰ ਪ੍ਰਦਰਸ਼ਨ ਇਹ ਸਾਬਿਤ ਕਰਦਾ ਹੈ ਕਿ ਜਦੋਂ ਗੱਲ ਦੇਸ਼ ਦਾ ਮਾਣ ਵਧਾਉਣ ਦੀ ਹੋਵੇ, ਤਾਂ ਨਵੇਂ ਭਾਰਤ ਦੀ ਨਾਰੀ ਸ਼ਕਤੀ ਕਿਸੇ ਤੋਂ ਪਿੱਛੇ ਨਹੀਂ ਹੈ। ਇਸ ਲੜੀ ਵਿੱਚ ਮਹਿਲਾ ਹਾਕੀ ਖਿਡਾਰੀ ਅਤੇ ਐਥਲੀਟਾਂ ਨੇ ਆਲਮੀ ਪੱਧਰ 'ਤੇ ਵਧਾਇਆ ਹੈ ਦੇਸ਼ ਦਾ ਮਾਣ...*

ਬੁਨਿਆਦੀ ਢਾਂਚੇ ਵਿੱਚ ਸੁਧਾਰ, ਸਹੀ ਪ੍ਰੋਤਸਾਹਨ ਅਤੇ 'ਖੇਲੋ ਇੰਡੀਆ' ਵਰਗੀਆਂ ਦੂਰਦਰਸ਼ੀ ਸਰਕਾਰੀ ਨੀਤੀਆਂ ਦਾ ਅਸਰ ਅੱਜ ਦੇਸ਼ ਦੇ ਖੇਡ ਦ੍ਰਿਸ਼ ਵਿੱਚ ਸਾਫ਼ ਝਲਕ ਰਿਹਾ ਹੈ। ਦੇਸ਼ ਦੇ ਛੋਟੇ-ਛੋਟੇ ਪਿੰਡਾਂ ਅਤੇ ਕਸਬਿਆਂ ਤੋਂ ਨਿਕਲ ਕੇ ਮਹਿਲਾ ਖਿਡਾਰੀ ਅੱਜ ਆਲਮੀ ਮੁਕਾਬਲਿਆਂ ਵਿੱਚ ਇਤਿਹਾਸ ਰਚ ਰਹੀਆਂ ਹਨ। ਸਰਕਾਰ ਦੁਆਰਾ ਖੇਡਾਂ-ਖਿਡਾਰੀਆਂ ਨੂੰ ਦਿੱਤੇ ਜਾ ਰਹੇ ਨਿਰੰਤਰ ਸਮਰਥਨ ਅਤੇ ਆਧੁਨਿਕ ਸਹੂਲਤਾਂ ਨੇ ਉਨ੍ਹਾਂ ਦੀ ਪ੍ਰਤਿਭਾ ਨੂੰ ਤਰਾਸ਼ਣ ਦਾ ਕੰਮ ਕੀਤਾ ਹੈ। ਭਾਰਤੀ ਮਹਿਲਾ ਹਾਕੀ ਟੀਮ ਨੇ ਐੱਫਆਈਐੱਚ ਹਾਕੀ ਵੂਮੈਨਸ ਨੇਸ਼ਨਸ ਕੱਪ 2026 ਜਿੱਤ ਕੇ ਪੂਰੇ ਦੇਸ਼ ਨੂੰ ਮਾਣ ਮਹਿਸੂਸ ਕਰਵਾਇਆ ਹੈ। ਮੇਜ਼ਬਾਨ ਨਿਊਜ਼ੀਲੈਂਡ ਨੂੰ 2-0 ਤੋਂ ਹਰਾ ਕੇ ਭਾਰਤ ਨੇ ਦੂਜੀ ਵਾਰ ਇਹ ਟਰੌਫੀ ਆਪਣੇ ਨਾਮ ਕੀਤੀ ਹੈ।




ਉੱਥੇ ਹੀ ਦੂਜੇ ਪਾਸੇ ਏਸ਼ੀਅਨ ਐਥਲੈਟਿਕਸ ਚੈਂਪੀਅਨਸ਼ਿਪ 2026 ਵਿੱਚ ਭਾਰਤੀ ਮਹਿਲਾ ਖਿਡਾਰੀਆਂ ਦੀ 4x 100 ਮੀਟਰ ਰਿਲੇ ਟੀਮ ਨੇ ਗੋਲਡ ਜਿੱਤ ਕੇ ਤਿਰੰਗੇ ਦੀ ਸ਼ਾਨ ਵਧਾਈ। ਓਲੰਪੀਅਨ ਸ਼੍ਰਾਵਣੀ ਨੰਦਾ, ਸਨੇਹਾ ਸ਼ਾਨੁਵੱਲੀ, ਸੁਦੇਸ਼ਨਾ ਸ਼ਿਵੰਕਰ ਅਤੇ ਤਮੰਨਾ ਨੇ ਮਹਿਲਾਵਾਂ ਦੀ 4x 100 ਮੀਟਰ ਰਿਲੇ ਫਾਈਨਲ ਵਿੱਚ 43.85 ਸਕਿੰਟ ਦਾ ਸੀਜ਼ਨ ਦਾ ਸਰਬਸ਼੍ਰੇਸ਼ਠ ਸਮਾਂ ਕੱਢ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਇਤਿਹਾਸਕ ਸਫਲਤਾ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਜੇਕਰ ਮੌਕਾ ਅਤੇ ਸੰਸਾਧਨ ਮਿਲੇ ਤਾਂ ਭਾਰਤ ਦੀਆਂ ਬੇਟੀਆਂ ਕਿਸੇ ਵੀ ਖੇਤਰ ਵਿੱਚ ਵਿਸ਼ਵ ਪੱਧਰ 'ਤੇ ਆਪਣੀ ਪਛਾਣ ਬਣਾ ਸਕਦੀਆਂ ਹਨ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸੋਸ਼ਲ ਮੀਡੀਆ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ ਕਿ ਭਾਰਤੀ ਹਾਕੀ ਖਿਡਾਰੀ ਮਾਣ ਅਤੇ ਖੁਸ਼ੀ ਲੈ ਕੇ ਆਏ ਹਨ। ਐੱਫਆਈਐੱਚ ਹਾਕੀ ਵੂਮੈਨਸ ਨੇਸ਼ਨਸ ਕੱਪ ਜਿੱਤਣ 'ਤੇ ਮਹਿਲਾ ਟੀਮ ਨੂੰ ਵਧਾਈਆਂ। ਟੀਮ ਨੇ ਪੂਰੇ ਟੂਰਨਾਮੈਂਟ ਵਿੱਚ ਮਿਸਾਲੀ ਪ੍ਰਦਰਸ਼ਨ ਕੀਤਾ। ਟੀਮ ਨੂੰ ਸ਼ੁਭਕਾਮਨਾਵਾਂ। ਉਮੀਦ ਹੈ ਕਿ ਇਹ ਜਿੱਤ ਕਈ ਹੋਰ ਖਿਡਾਰੀਆਂ ਨੂੰ ਹਾਕੀ ਖੇਡਣ ਦੇ ਲਈ ਪ੍ਰੇਰਿਤ ਕਰੇਗੀ।



**Narendra Modi**
@narendramodi

2014 के बाद से हमने नीतियों के स्तर पर बड़े रिफॉर्म किए हैं। इससे रक्षा उत्पादन तेजी से बढ़ने के साथ ही हमारा डिफेंस एक्सपोर्ट भी अभूतपूर्व गति से बढ़ा है।



**Rajnath Singh**
@rajnathsingh

भारतीय सशस्त्र बल हमेशा से राष्ट्रीय एकता की प्रतीक रही हैं। यहाँ भाषा, क्षेत्र, जाति या प्रांत नहीं, बल्कि केवल राष्ट्र सर्वोपरि होता है। हमारी सेनाएँ उस अखंड भारतीय भावना का जीवंत स्वरूप हैं, जहाँ विविधता ही सबसे बड़ी शक्ति है।



**Amit Shah**
@AmitShah

मोदी जी के नेतृत्व में आज टेक्नोलॉजी आधारित सुशासन का एक और महत्वपूर्ण अध्याय जुड़ रहा है। आज गांधीनगर से 'PM फैमिली केयर ट्रैकर' (FCT) के पायलट परियोजना का शुभारंभ किया। यह डैशबोर्ड विभिन्न प्रकार के डेटा को जोड़कर केंद्र व राज्य की कल्याणकारी योजनाओं का लाभ सीधे जरूरतमंद परिवारों के दरवाजे तक पहुंचाएगा। साथ ही PM ई-बस सेवा को हरी झंडी दिखाई।



**Nitin Gadkari**
@nitin_gadkari

सशक्त किसान, समृद्ध राष्ट्र की दिशा में एक और कदम!

🇮🇳 देश के किसानों के लिए वरदान साबित हो रही प्रधानमंत्री किसान सम्मान निधि (PM-KISAN) योजना की 23वीं किस्त आज प्रधानमंत्री श्री @narendramodi जी ने जारी की।

हुगली, पश्चिम बंगाल के तारकेश्वर में आयोजित इस कार्यक्रम के दौरान देश के 9.44 करोड़ से अधिक किसानों के बैंक खातों में ₹18,880 करोड़ से अधिक की राशि प्रत्यक्ष लाभ अंतरण (DBT) के माध्यम से हस्तांतरित की गई।



**Jyotiraditya M. Scindia**
@JM_Scindia

Sanchar Saathi doing what it does best. Reuniting citizens with their lost/stolen handsets.

Your phone's true saathi.

#SancharSaathi



**Ram Mohan Naidu Kin...**
@RamMNK

The Made in India C-295 reflects a stronger aerospace ecosystem, greater opportunities for MSMEs and skilled talent, and a stronger resolve towards an Aatmanirbhar Bharat.

---

भारत की लीडरशिप पर 4 फीसदी लोगों को बहुत ज्यादा भरोसा

अमेरिका और चीन पर घटा ऑस्ट्रेलियाई लोगों का विश्वास

ऑस्ट्रेलियाई सर्वे में लोगों को भारत पर सबसे ज्यादा भरोसा

## विश्वसनीयता में चीन, अमेरिका को पीछे छोड़ कई गुना आगे निकल गया भारत


| | |
|---|---|
| भारत | 50 |
| अमेरिका | 31 |
| चीन | 28 |
| रूस | 11 |



*भारत में सरकार की स्थिरता का फायदा*

## डिजिटल अरेस्ट और साइबर अपराध पर मोदी सख्त

### समीक्षा बैठक में समयबद्ध कार्रवाई के निर्देश



नई दिल्ली, 24 जून (एजेंसी) : प्रधानमंत्री नरेन्द्र मोदी ने डिजिटल अरेस्ट और साइबर अपराध की बढ़ती घटनाओं पर चिंता व्यक्त की और कहा कि ऐसे मामलों में सभी संबंधित एजेंसियों को समन्वित, संवेदनशील और समयबद्ध तरीके से कार्रवाई करनी चाहिए। मोदी ने ये टिप्पणियां साइबर अपराध और 'डिजिटल अरेस्ट' के जरिए होने वाली धोखाधड़ी से जुड़ी शिकायतों की समीक्षा के दौरान कीं।

प्रधानमंत्री ने यह समीक्षा 'प्रगति' की 52वीं बैठक में की। मोदी ने कहा कि लोगों को एक विभाग या एजेंसी से दूसरे विभाग के चक्कर काटने के लिए मजबूर नहीं किया जाना चाहिए।

**4 परियोजनाओं की समीक्षा**

मोदी ने चार राज्यों में सड़क, बिजली, औद्योगिक गलियारे और मेट्रो रेल क्षेत्रों से जुड़ी करीब 30,000 करोड़ रुपए की चार परियोजनाओं की भी समीक्षा की।

### नीट पुनर्परीक्षा सुचारू रूप से कराने की पीएम ने प्रशंसा की


प्रधानमंत्री ने बुधवार को केंद्रीय मंत्रिमंडल की बैठक में, विभिन्न विभागों के बीच तालमेल पर जोर दिया और 'नीट-यूजी' पुनर्परीक्षा सुचारू रूप से संपन्न कराने के लिए किये गए प्रयासों की प्रशंसा की। सूत्रों ने बताया कि प्रधानमंत्री ने पूरे सरकारी तंत्र के मिलकर काम करने और विभिन्न मंत्रालयों के बीच तालमेल पर जोर दिया।

## विकसित भारत के लिए एआइ का जिम्मेदारी के साथ उपयोग जरूरी



## मन की बात में पीएम मोदी की अपील, गणेश प्रतिमा मिट्टी की ही लें, पीओपी वाली न खरीदें





## हिंद महासागर को अवसरों का महासागर बनाना लक्ष्य : मोदी

सुरक्षा के साथ आर्थिक समृद्धि... प्रधानमंत्री ने स्पष्ट किया यात्रा का संदेश



हिंद महासागर एक सेतु

## यूपीआई लागू करने समेत 19 करार

# ਜਲ ਸੁਰੱਖਿਆ ਦੇ ਮਜ਼ਬੂਤ ਪਹਿਰੇਦਾਰ...

*ਸਮੁੰਦਰੀ ਸਮਰੱਥਾ ਜਿਸ ਦੇਸ਼ ਦੀ ਜਿੰਨੀ ਮਜ਼ਬੂਤ ਹੋਵੇਗੀ, ਇਸ ਦਾ ਆਰਥਿਕ- ਰਣਨੀਤਕ ਪ੍ਰਭਾਵ, ਓਨਾ ਹੀ ਮਜ਼ਬੂਤ ਹੋਵੇਗਾ। ਭਾਰਤ ਇਸ ਦੇ ਲਈ ਖੁਦ ਨੂੰ ਤਿਆਰ ਕਰ ਰਿਹਾ ਹੈ। ਇਸੇ ਕੜੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 21 ਜੂਨ ਨੂੰ ਭਾਰਤੀ ਜਲ ਸੈਨਾ ਦੇ 3 ਆਧੁਨਿਕ ਜਹਾਜ਼ਾਂ INS ਦੂਨਾਗਿਰੀ, INS ਸੰਸ਼ੋਧਕ ਅਤੇ INS ਅਗ੍ਰਯ ਨੂੰ ਕਮਿਸ਼ਨ ਕੀਤਾ, ਜੋ ਕਿ 75% ਤੋਂ ਵੱਧ ਸਵਦੇਸ਼ੀ ਸਮੱਗਰੀ ਤੋਂ ਤਿਆਰ ਹਨ। ਇਹ ਇੱਕ ਸੰਤੁਲਿਤ ਅਤੇ ਮਿਸ਼ਨ –ਤਤਪਰ ਜਲ ਸੈਨਾ ਦੇ ਨਿਰਮਾਣ ਦੀ ਦਿਸ਼ਾ ਵਿੱਚ ਭਾਰਤ ਦੀ ਵਧਦੀ ਸਮਰੱਥਾ, ਮਜ਼ਬੂਤ ਰੱਖਿਆ ਨਿਰਮਾਣ ਈਕੋਸਿਸਟਮ ਅਤੇ 'ਆਤਮ ਨਿਰਭਰ ਭਾਰਤ' ਦੇ ਪ੍ਰਤੀ ਅਟੁੱਟ ਸੰਕਲਪ ਦਾ ਹੈ ਪ੍ਰਤੀਕ....*



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

## ਆਈਐੱਨਐੱਸ ਦੂਨਾਗਿਰੀ

- ਪ੍ਰੋਜੈਕਟ 17ਏ ਦੇ ਤਹਿਤ ਨੀਲਗਿਰੀ ਸ਼੍ਰੇਣੀ ਦਾ ਪੰਜਵਾਂ ਲੜਾਕੂ ਜਹਾਜ਼।
- ਸੁਪਰ ਸੋਨਿਕ ਮਿਜ਼ਾਈਲਾਂ, ਉੱਨਤ ਹਵਾਈ ਰੱਖਿਆ ਪ੍ਰਣਾਲੀ ਅਤੇ ਐਂਟੀ ਸਬਮਰੀਨ ਹਥਿਆਰਾਂ ਨਾਲ ਲੈਸ।
- ਇਸ ਦੀ ਹੈਲੀਕੌਪਟਰ ਸੰਚਾਲਨ ਦੀ ਸਮਰੱਥਾ, ਨਿਗਰਾਨੀ ਅਤੇ ਮਾਰਕ ਸ਼ਕਤੀ ਨੂੰ ਹੋਰ ਵਧਾਉਂਦੀ ਹੈ।



## ਆਈਐੱਨਐੱਸ ਸੰਸ਼ੋਧਕ

- ਵਿਸ਼ਾਲ ਸਰਵੇ ਵੈਸਲ ਕਲਾਸ ਦਾ ਚੌਥਾ ਜਹਾਜ਼।
- ਅਤਿ ਆਧੁਨਿਕ ਹਾਈਡ੍ਰੋਗ੍ਰਾਫਿਕ ਅਤੇ ਸਮੁੰਦਰ-ਵਿਗਿਆਨ ਪ੍ਰਣਾਲੀਆਂ ਨਾਲ ਲੈਸ।
- ਸਟੀਕ ਸਮੁੰਦਰੀ ਸਰਵੇਖਣ ਕਰਦਾ ਹੈ। ਜ਼ਰੂਰਤ ਪੈਣ 'ਤੇ ਹੌਸਪਿਟਲ ਸ਼ਿਪ ਦੇ ਰੂਪ ਵਿੱਚ ਵਰਤੋਂ ਸੰਭਵ।
- ਹੈਲੀਕੌਪਟਰ ਸੰਚਾਲਨ ਦੀ ਸੁਵਿਧਾ ਨੇ ਇਸ ਦੀ ਬਹੁ-ਉਦੇਸ਼ੀ ਸਮਰੱਥਾ ਵਧਾਈ ਹੈ।



## ਆਈਐੱਨਐੱਸ ਅਗ੍ਰਯ

- ਭਾਰਤੀ ਜਲ ਸੈਨਾ ਦਾ ਸ਼ੈਲੋ ਵਾਟਰ ਕ੍ਰਾਫਟ ਵਿੱਚ ਐਂਟੀ ਸਬਮਰੀਨ ਲੜਾਕੂ ਜਹਾਜ਼।
- ਏਐੱਸਡਬਲਿਊ –ਐੱਸਡਬਲਿਊਸੀ ਲੜੀ ਦਾ ਪੰਜਵਾਂ ਜਹਾਜ਼।
- ਅਤਿ ਆਧੁਨਿਕ ਸੋਨਾਰ, ਟੌਰਪੀਡੋ ਅਤੇ ਐਂਟੀ ਸਬਮਰੀਨ ਰਾਕੇਟ ਨਾਲ ਲੈਸ।
- ਵਾਟਰ ਜੈੱਟ ਤਕਨੀਕ ਦੇ ਕਾਰਨ ਤੇਜ਼ ਅਤੇ ਚੁਸਤ ਰਫ਼ਤਾਰ ਨਾਲ ਕੰਮ ਕਰਦਾ ਹੈ।




ਨਿਊ ਇੰਡੀਆ ਸਮਾਚਾਰ ਪੰਦਰਵਾੜਾ

**RNI Registered No. DELPUN/2020/78808, 16 –31 July, 2026**

RNI Registered No DELPUN/2020/78808, (Publishing Date: 30 June, 2026, Total Pages-48)

EDITOR IN CHIEF
Dhirendra Ojha
Principal Director General
Press Information Bureau, New Delhi

PUBLISHED:
Kanchan Prasad
Director General, on behalf of
Central Bureau Of Communication

PUBLISHED FROM:
Room No–278, Central Bureau Of Communication, 2nd Floor, Soochna Bhawan, New Delhi -110003